ੴ

ਮਾਸਕ ਪੱਤਰ

ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਅੰਮ੍ਰਿਤਸਰ

ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ (ਬਠਿੰਡਾ)
ਵਿਸਾਖੀ ਦੇ ਜੋੜ ਮੇਲੇ ਤੇ ਇਥੇ ਸੰਗਤਾਂ ਦਾ ਭਾਰੀ ਇਕੱਠ ਹੁੰਦਾ ਹੈ।



www.AKJ.Org

ਅਪ੍ਰੈਲ ੧੯੯੩ APRIL 1993

# ਤ ਤ ਕ ਰਾ


| | | |
|---|---|---|
| ਸੱਚੇ ਪਾਤਸ਼ਾਹ ਨੇ ਅਕਾਲੀ ਪੰਥ ਸਾਜਿਆ | ੩ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਗੁਰਮਤਿ ਤੇ ਬਿਬੇਕ | ੪ | ,, ,, ,, |
| ਨਾਮ ਜਪਣ ਦੀ ਜੁਗਤੀ | ੬ | 'ਗੁ: ਕਰਮ ਫਿਲਾਸਫ਼ੀ' ਚੋਂ |
| ਨਵੀਂ ਜ਼ਿੰਦਗੀ | ੧੧ | ਪ੍ਰਿੰਸੀਪਲ ਸੱਜਣ ਸਿੰਘ ਜੀ |
| ਅੰਮ੍ਰਿਤ ਦੀ ਸ਼ਕਤੀ | ੧੫ | ਪ੍ਰਿੰਸੀਪਲ ਕੁਲਦੀਪ ਸਿੰਘ ਜੀ ਹਉਰਾ |
| ਕਬਿਤ ਸਵੱਯੇ ਭਾਈ ਗੁਰਦਾਸ ਜੀ (੧੫) | ੨੧ | — — — |
| ਇਕ ਚਮਤਕਾਰ | ੨੪ | ਮੇਜਰ ਮੁਹੰਮਦ ਸਾਦਿਕ |
| ਅੰਮ੍ਰਿਤਧਾਰੀ ਸਿੰਘਾਂ ਦੇ ਕਰਤੱਵ | ੨੭ | ਗੁਰਮਤਿ ਪ੍ਰਚਾਰ ਸਭਾ ਪਟਿਆਲਾ |
| ਗੁਰਮੁਖਿ ਤੇ ਮਨਮੁਖ | ੨੮ | ਪ੍ਰੋਫ਼ੈਸਰ ਹਰਬੰਸ ਸਿੰਘ ਜੀ |
| ਗੁਰਮਤਿ ਮਾਰਗ—ਕਰਣੀ ਪਰਧਾਨ | ੩੦ | — — — |
| ਸਿੱਖ ਕੌਮ ਦਾ ਵਿਕਾਸ (੨) | ੩੫ | ਪ੍ਰਿੰਸੀਪਲ ਗੁਰਮੁਖ ਸਿੰਘ ਜੀ |
| ਭੂਰਿਆਂ ਵਾਲੇ ਰਾਜੇ ਕੀਤੇ (੩੫) | ੩੯ | ਕੈਪਟਨ ਸਵਰਨ ਸਿੰਘ ਜੀ |
| ਸਿਨਮਵੀ ਫ਼ਿਲਮਾਵੀ ਲਿਖਤਾਂ ਨਿਰੀ ਮਨਮਤਿ | ੪੩ | 'ਗੁਰਮਤਿ ਲੇਖ' ਵਿਚੋਂ |
| ਚੜ੍ਹਦੀ ਕਲਾ ਵਾਲਾ ਗੁਰੂ | ੪੪ | ਭਾਈ ਨਰੈਣ ਸਿੰਘ ਜੀ ਐਮ. ਏ. |
| ਅਨੰਦਪੁਰ ਦਾ ਜੁਧ (ਕਵਿਤਾ) | ੪੭ | ਸ: ਅਤਰ ਸਿੰਘ ਜੀ ਨੀਰ |
| ਕਿਉਂ ਅੰਮ੍ਰਿਤ ਨਹੀਂ ਛਕਦਾ ? ,, | ੪੮ | ਗਿ: ਗੋਪਾਲ ਸਿੰਘ ਜੀ ਮਿੱਤਰ |
| ਸੀਸ ਤਲੀ ਤੇ ਧਰ ਕੇ ,, | ੫੦ | ਸ: ਮਨਜਿੰਦਰ ਸਿੰਘ ਜੀ |


| | | | |
|---|---|---|---|
| ਸ੍ਰੀ ਗੁਰੂ ਤੇਗ ਬਹਾਦਰ ਜੀ ਗੁਰਿਆਈ | ੫ ਅਪ੍ਰੈਲ | ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੋਤੀ ਜੋਤ | ੫ ਅਪ੍ਰੈਲ |
| ਸ੍ਰੀ ਗੁਰੂ ਤੇਗ ਬਹਾਦਰ ਜੀ ਅਵਤਾਰ | ੧੧ ਅਪ੍ਰੈਲ | ਸ੍ਰੀ ਗੁਰੂ ਅੰਗਦ ਦੇਵ ਜੀ ਅਵਤਾਰ | ੨੨ ਅਪ੍ਰੈਲ |
| ਸ੍ਰੀ ਗੁਰੂ ਅਰਜਨ ਦੇਵ ਜੀ ਅਵਤਾਰ | ੧੩ ਅਪ੍ਰੈਲ | ਖਾਲਸੇ ਦਾ ਜਨਮ ਦਿਨ ਵੈਸਾਖੀ | ੧੩ ਅਪ੍ਰੈਲ |

## 'ਸੂਰਾ' ਦੇ ਚੰਦੇ ਤੇ ਬਕਾਏ ਜਮ੍ਹਾ ਕਰਾ ਕੇ ਰਸੀਦ ਲਓ

੧. ਲੁਧਿਆਣਾ— ਭਾਈ ਕੰਵਰਜੀਤ ਸਿੰਘ ਜੀ, 291 ਫ਼ੇਸ 2, ਡੁਗਰੀ
੨. ਕਪੂਰਥਲਾ—ਭਾਈ ਚਰਨਪਾਲ ਸਿੰਘ, 799-ਏ, ਆਰ.ਸੀ.ਐਫ.
੩. ਜਲੰਧਰ—ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ
੪. ਹੁਸ਼ਿਆਰਪੁਰ—ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ
੫. ਚੰਡੀਗੜ੍ਹ ਤੇ ਮੋਹਾਲੀ—ਭਾਈ ਫ਼ੌਜਿੰਦਰ ਸਿੰਘ ਜੀ, ੫੩੨/੩-ਏ ਫ਼ੇਜ਼, ਐਸ.ਏ.ਐਸ. ਨਗਰ, ਮੋਹਾਲੀ
੬. ਜ਼ਿਲਾ ਸੰਗਰੂਰ—(ੳ) ਰੱਹੀੜਾ-ਘਲੂਘਾਰਾ, *Via* ਅਹਿਮਦਗੜ੍ਹ, ਭਾ: ਸ਼ਨਦੀਪ ਸਿੰਘ ਜੀ
(ਅ) ਪਿੰਡ ਉਪੋਕੇ, (ਉਪਲਖੇੜੀ), ਡਾਕਖਾਨਾ ਮਲੇਰਕੋਟਲਾ, ਭਾਈ ਤ੍ਰਿਲੋਚਨ ਸਿੰਘ ਜੀ
੭. ਦਿੱਲੀ—ਭਾਈ ਹਰਦਿਤ ਸਿੰਘ ਜੀ, ਏ-੩੫, ਫ਼ਤਹ ਨਗਰ
੮. ਸਾਰੇ ਸਮਾਗਮਾਂ ਸਮੇਂ—ਭਾਈ ਬਲਵੰਤ ਸਿੰਘ ਜੀ ਖ਼ਾਲਸਾ, ਗਲੀ ਨੰ: ੨, ਕਾਂਸ਼ੀ ਨਗਰੀ, ਫ਼ੀਰੋਜ਼ਪੁਰ ਸ਼ਹਿਰ
੯. ਬਠਿੰਡਾ—ਭਾਈ ਗੋਬਿੰਦ ਸਿੰਘ ਜੀ, ਮਕਾਨ ਨੰਬਰ ੭੮੧੯, ਨੇੜੇ ਡੰਗਰਾਂ ਦਾ ਹਸਪਤਾਲ
੧੦. ਮੋਗਾ—ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ, ਜੀ. ਟੀ. ਰੋਡ, ਫ਼ੋਨ 43349
੧੧. ਅੰਮ੍ਰਿਤਸਰ—ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ) ਫ਼ੋਨ 45787 ਘਰ 231520

ਸੂਚਨਾ—ਹਰ ਐਤਵਾਰ 'ਸੂਰਾ' ਦੇ ਚੰਦੇ ਸਿਖ ਮਿਸ਼ਨਰੀ ਕਾਲਜ ਦੇ ਸਟਾਲ ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ

www.AKJ.Org

ਪਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੩੯੦-ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਅੰਮ੍ਰਿਤਸਰ ਤੋਂ ੧-੪-੯੩ ਨੂੰ ਪ੍ਰਕਾਸ਼ਤ ਕੀਤਾ

੧ੴ ਵਾਹਿਗੁਰੂ ਜੀ ਕੀ ਫ਼ਤਹ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

**ਸਾਲਾਨਾ ਚੰਦਾ**

ਦੇਸ ੩੦-੦੦
ਇਕ ਪਰਚਾ ੩-੦੦

**ਪਰਦੇਸ (ਸਾਰੇ)**

**ਸਾਲਾਨਾ ਚੰਦਾ**

ਸਮੁੰਦਰੀ ਡਾਕ ੮੦-੦੦
ਹਵਾਈ ਡਾਕ ੨੫੦-੦੦

Foreign Subscription
Sea Mail 80-00
Air Mail 250-00

**ਅਮਾਨਤੀ**

**ਲਾਈਫ਼ ਮੈਂਬਰ**

ਦੇਸ ੨੫੦-੦੦

ਪਰਦੇਸ

ਸਮੁੰਦਰੀ ਡਾਕ ੮੦੦-੦੦
ਹਵਾਈ ਡਾਕ ੨੦੦੦-੦੦

**ਅਖੰਡ ਕੀਰਤਨੀ ਜਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ**

ਜਿਲਦ ੨੭ ਅਪ੍ਰੈਲ ੧੯੯੩ ਅੰਕ ੪

## ਸੱਚੇ ਪਾਤਸ਼ਾਹ ਨੇ ਅਕਾਲੀ ਪੰਥ ਸਾਜਿਆ

"ਧਰਮ ਚਲਾਵਨ ਸੰਤ ਉਬਾਰਨ। ਦੁਸ਼ਟ ਸਭਨ ਕੋ ਮੂਲ ਉਪਾਰਨ" ਦੇ ਆਦਰਸ਼ ਨੂੰ ਅਮਲੀ ਜਾਮਾ ਪਹਿਨਾਉਣ ਲਈ ਅਜ਼ਲੀ ਅਬਦੀ ਇਰਫ਼ਾਨ ਦੇ ਸਿਆਸਤਦਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਸੱਚੇ ਪਾਤਸ਼ਾਹ ਨੇ ਅਕਾਲੀ ਪੰਥ ਸਾਜਿਆ। ਸਾਜ ਕੇ ਅਧਿਆਤਮਕ ਸੂਰਬੀਰਤਾ ਵਿਚ ਨਿਪੁੰਨ ਕੀਤਾ। ਪ੍ਰਮਾਰਥਕ ਕਲਾ ਜਲਾਲਨੀ ਜਾਗਤ ਜੋਤਿ ਜਗਾ ਕੇ, ਨਿਖਾਲਸ (ਨਿਰਾ ਖਾਲਸ) ਖਾਲਸਾ ਜੀ ਨੂੰ ਧਰਮ ਹੇਤ, ਪਰਉਪਕਾਰ ਹੇਤ ਮਰ ਮਿਟਣ ਵਾਲੇ ਅਤੇ ਧਰਮ-ਯੁਧ ਵਿਚ ਜ਼ਾਲਮਾਂ ਅਧਰਮੀਆਂ ਨੂੰ ਸੋਧ ਸਾਧ ਕੇ ਮਲੀਆਮੇਟ ਕਰਨਹਾਰੇ ਨਿਰਭੈ ਜੋਧਿਆਂ ਦੀ ਸੱਚੀ ਸਪਿਰਟ ਬਖ਼ਸ਼ੀ। ਇਸ ਸਪਿਰਟ ਸੇਤੀ ਸਰਸ਼ਾਰ ਹੋਏ ਖਾਲਸਾ ਜੀ ਦੀਆਂ ਅਕਾਲੀ ਫ਼ੌਜਾਂ ਨੇ ਉਹ ਕਾਰਨਾਮੇ ਕਰ ਕੇ ਦਿਖਾਏ ਹਨ ਕਿ ਦੁਨੀਆ ਦੰਗ ਰਹਿ ਗਈ ਹੈ। ਇਸ ਸਪਿਰਟ ਨਾਲ ਸੰਧੂਰਤ ਹੋਏ ਖਾਲਸਾ ਜੀ ਨੂੰ ਸਿਵਾਏ ਗੁਰੂ ਅਕਾਲ ਪੁਰਖ ਦੇ ਹੋਰ ਕਿਸੇ ਦੀ ਓਟ ਤਕਣ ਦੀ ਕਜ਼ਬ ਖ਼ਿਆਲੀ ਹੀ ਨਹੀਂ ਉਪਜੀ। ਸਦਾ ਚੜ੍ਹਦੀਆਂ ਕਲਾਂ ਵਾਲਾ ਔਜ ਖਾਲਸਾ ਜੀ ਦਾ ਇਕੋ ਇਕ ਧੁਰਵਾ ਇਸ ਕਰਕੇ ਰਿਹਾ ਹੈ ਕਿ ਖਾਲਸਾ ਪੰਥ ਕਦੇ ਕਿਸੇ ਦਾ ਮੁਥਾਜ ਨਹੀਂ ਰਿਹਾ। ਬੇਪਰਵਾਹ ਹੋ ਕੇ ਤੇਜ ਕਰਾਰੇ ਵਿਚ ਨਿਆਰਾ ਹੋ ਕੇ ਗੂੰਜਦਾ ਗਰਜਦਾ ਰਿਹਾ।

[ਭਾ: ਸਾ: ਭਾ: ਰਣਧੀਰ ਸਿੰਘ ਜੀ ਲਿਖਤ 'ਖਾਲਸਾ ਜੀ ਦਾ ਗੁਰਮਤਿ ਆਦਰਸ਼' ਵਿਚੋਂ

www.AKJ.Org

# ਗੁਰਮਤਿ ਭੈ ਬਿਬੇਕ

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਨਾਨਕੁ ਸਬਦਿ ਰਤੇ ਹਰਿ ਨਾਮਿ ਰੰਗਾਏ ਬਿਨੁ ਭੈ ਕੇਹੀ ਲਾਗਿ ॥੪॥੮॥੪੧॥

ਸ੍ਰੀ ਰਾਗੁ ਮ: ੩, ਪੰਨਾ ੨੯

ਭਾਵ ਜੇਹੜੇ ਸ਼ਬਦ ਰਤੇ ਨਾਮ ਦੀ ਰੰਗਣਾ ਵਾਲੇ ਹਨ, ਉਹਨਾਂ ਨੂੰ ਇਸ ਰੰਗਣਾ ਦੀ ਲਾਗ 'ਭੈ' (ਅਦਬ) ਧਾਰਨ ਕੀਤਿਆਂ ਲਗਦੀ ਹੈ। ਭੈ ਤੋਂ ਬਿਹੂਣ ਰੰਗ ਰਤੜੀ ਦਸ਼ਾ ਵਾਲੀ ਲਾਗ ਕੇਹੀ ? ਅਰਥਾਤ, ਇਹ ਲਾਗ ਭੈ ਬਿਨਾਂ ਲਗਦੀ ਹੀ ਨਹੀਂ :

ਭੈ ਬਿਨੁ ਲਾਗਿ ਨ ਲਗਈ ਨਾ ਮਨੁ ਨਿਰਮਲੁ ਹੋਇ ॥
ਬਿਨੁ ਭੈ ਕਰਮ ਕਮਾਵਣੇ ਝੂਠੇ ਠਾਉ ਨ ਕੋਇ ॥੪॥੩੧॥ [ਆਸਾ ਮ: ੩, ਪੰਨਾ ੪੨੭

ਏਹ 'ਭੈ' ਸੰਸਾਰੀਆਂ ਵਾਲਾ ਭੈ ਨਹੀਂ। ਨਾ ਹੀ ਭਰਮੀਆਂ ਅਨਮਤੀਆਂ ਵਾਲਾ ਭੈ ਹੈ, ਜਿਸ ਦਾ ਅਰਥ ਪਿੱਤਾ ਸੁਕਾਉਣ ਵਾਲਾ ਡਰ ਹੁੰਦਾ ਹੈ, ਜੋ ਇਨਸਾਨ ਨੂੰ ਕਾਇਰ ਬਣਾਉਂਦਾ ਹੈ। ਬਲਕਿ ਇਹ ਸਚਾ 'ਭੈ' ਗੁਰਮਤਿ ਅੰਦਰ ਅਦਬ ਅਤੇ ਭਾਵਨੀ ਸੰਯੁਕਤ ਅਦਬ, ਸਿਦਕ ਅਤੇ ਪ੍ਰਤੀਤ ਪੂਰਤ ਅਦਬ ਦਾ ਅਰਥ ਰਖਦਾ ਹੈ। ਜਿਸ ਦੇ ਅੰਦਰ ਸੱਚੇ ਦਾ ਭੈ ਹੈ ਉਸਨੂੰ ਹੀ ਸੱਚੀ ਪ੍ਰਤੀਤ ਹੈ। ਇਹ ਭੈ-ਪ੍ਰਤੀਤ ਜਿਸ ਦੇ ਅੰਦਰਿ ਆਣ ਵਸੀ, ਉਹ ਸਦਾ ਸੱਚੇ ਨੂੰ ਅੰਗ ਸੰਗ ਜਾਣਦਾ ਹੋਇਆ ਹੁਕਮੀ ਬੰਦਾ ਹੋਇ ਕੇ ਸ਼ੁਭ ਕਰਮ, ਗੁਰ ਫ਼ੁਰਮਾਏ ਕਰਮ ਹੀ ਕਮਾਉ ਦਾ ਹੈ। ਉਸ ਨੂੰ ਇਸ ਗੁਰਵਾਕ ਉਤੇ ਭੈ ਭਾਵਨੀ ਵਾਲੀ ਪ੍ਰਤੀਤ ਹੈ ਕਿ :

ਏ ਮਨ ਮਤ ਜਾਣਹਿ ਹਰਿ ਦੂਰਿ ਹੈ ਸਦਾ ਵੇਖੁ ਹਦੂਰਿ ॥
ਸਦ ਸੁਣਦਾ ਸਦ ਵੇਖਦਾ ਸਬਦਿ ਰਹਿਆ ਭਰਪੂਰਿ ॥੧॥ਰਹਾਉ॥੩੫॥

ਆਸਾ ਮ: ੩, ਪੰਨਾ ੪੨੯

ਤਦ ਹੀ ਉਹ ਸੱਚੇ ਨਿਰਭਉ ਅਕਾਲ ਪੁਰਖ ਨੂੰ "ਨੇਰ ਹੂ ਤੇ ਨੇਰਾ" ਅਤੇ "ਪੇਖਤ ਸੁਨਤ ਸਦਾ ਹੈ ਸੰਗੇ" ਜਾਣਦਾ ਹੋਇਆ ਸੱਚੀ ਭੈ-ਭਾਵਨੀ ਸੰਯੁਕਤ ਗੁਰਮਤਿ ਕਰਮ ਕਮਾਉਂਦਾ ਹੈ ਅਤੇ ਇਹ ਸੱਚਾ ਭੈ ਸਤਿਗੁਰੂ ਦੇ ਮਿਲਿਆਂ (ਗੁਰੂ ਧਾਰਨ ਕਰਿਆਂ) ਹੀ ਪ੍ਰਾਪਤ ਹੁੰਦਾ ਹੈ। ਫੇਰ ਤਾਂ ਇਸ ਭੈ ਰਸਾਇਣ ਵਿਖੇ ਸਿਖ ਜਗਿਆਸੂ ਜਨ ਸਦਾ ਰਚਿਆ ਹੀ ਰਹਿੰਦਾ ਹੈ ਅਤੇ ਸਦਾ ਭੈ ਰਚੇ ਰਹਿਣ ਕਰਕੇ ਇਸ ਗੁਰਮਤਿ ਭੈ ਦੇ ਧਾਰਨਹਾਰੇ ਬਿਬੇਕੀ ਜਨ ਦੇ ਮਨ ਵਿਖੇ ਸੱਚਾ ਸਾਹਿਬ ਆਪ ਹੀ ਆਇ ਨਿਵਾਸ ਕਰਦਾ ਹੈ, ਜੈਸਾ ਕਿ ਗੁਰਵਾਕ ਹੈ। ਯਥਾ :

ਸਤਗੁਰਿ ਮਿਲਿਐ ਸਦ ਭੈ ਰਚੈ ਆਪਿ ਵਸੈ ਮਨਿ ਆਇ ॥੧॥੫੦॥

ਸਿਰੀਰਾਗੁ ਮ: ੩, ਪੰਨਾ ੩੩

ਪਹਿਲੀ ਸਿਖ ਜਗਿਆਸਾ ਵਿਖੇ ਪ੍ਰਿਥਮ, ਸਤਿਗੁਰਾਂ ਦੇ ਬਚਨਾਂ ਉਤੇ ਪ੍ਰਤੀਤ ਅਤੇ ਸੱਚੀ ਪ੍ਰਤੀਤ ਹੋਣੀ ਗੁਰਸਿਖ ਲਈ ਲੋੜੀਂਦੀ ਹੈ। ਇਸ ਪ੍ਰਤੀਤ ਹੀਣੇ ਪ੍ਰਾਣੀ ਉੱਕੇ ਅਗਿਆਨੀ ਅਤੇ ਮੰਦ ਮਤਿ ਅਬਿਬੇਕੀ ਹਨ ਅਤੇ ਇਸ ਪ੍ਰਤੀਤ ਬਿਹੂਣੇ ਜੋ ਕੁਛ ਭੀ ਉਹ ਕਰਦੇ ਹਨ, ਸਭ ਕਪਟ ਕਮਾਉਂਦੇ ਹਨ। ਯਥਾ ਗੁਰਵਾਕ :

ਅੰਤਰਿ ਅਗਿਆਨੁ ਭਈ ਮਤਿ ਮਧਿਮ ਸਤਿਗੁਰ ਕੀ ਪਰਤੀਤਿ ਨਾਹੀ ॥
ਅੰਦਰਿ ਕਪਟੁ ਸਭੁ ਕਪਟੋ ਕਰਿ ਜਾਣੈ ਕਪਟੇ ਖਪਹਿ ਖਪਾਹੀ ॥੧॥੨੬॥

ਵਾਰ ਸੋਰਠਿ, ਸਲੋਕ ਮ: ੪, ਪੰਨਾ ੬੫੨

ਅਤੇ ਜਿਨ੍ਹਾਂ ਨੂੰ ਸਤਿਗੁਰੂ ਅਤੇ ਸਤਿਗੁਰ ਦੇ ਬਚਨਾਂ ਉਤੇ ਸੱਚੀ ਪ੍ਰਤੀਤ ਆਈ ਹੈ, ਉਹਨਾਂ ਦੇ ਹਿਰਦੇ ਅੰਦਰਿ ਹੀ ਸਦਾ ਸੱਚੇ ਦਾ ਭਉ ਵਸਿਆ ਹੈ। ਅਤੇ :

ਹਰਿ ਗੁਣ ਹਿਰਦੈ ਟਿਕਹਿ ਤਿਸ ਕੈ ਜਿਸੁ ਅੰਤਰਿ ਭਉ ਭਾਵਨੀ ਹੋਈ ॥
ਬਿਨੁ ਭੈ ਕਿਨੈ ਨ ਪ੍ਰੇਮੁ ਪਾਇਆ ਬਿਨੁ ਭੈ ਪਾਰਿ ਨ ਉਤਰਿਆ ਕੋਈ ॥੪॥੩॥

ਤੁਖਾਰੀ ਮ: ੪, ਪੰਨਾ ੧੧੧੫-੧੬

ਅਤੇ ਜਿਨ੍ਹਾਂ ਦੇ ਅੰਦਰਿ ਇਹ ਭਉ ਨਹੀਂ, ਉਹਨਾਂ ਦੇ ਨਾਲ ਦੋਸਤੀ ਮਿਤਰਤਾ ਵਾਲਾ ਸਨਬੰਧ ਰਖਣਾ ਗੁਰਮਤਿ ਵਿਰੁੱਧ ਹੈ। ਯਥਾ ਗੁਰਵਾਕ :

ਜਿਨਾ ਅੰਦਰਿ ਸਚੇ ਕਾ ਭਉ ਨਾਹੀ ਨਾਮਿ ਨ ਕਰਹਿ ਪਿਆਰੁ ॥
ਨਾਨਕ ਤਿਨ ਸਿਉ ਕਿਆ ਕੀਚੈ ਦੋਸਤੀ ਜਿ ਆਪਿ ਭੁਲਾਏ ਕਰਤਾਰਿ ॥੧॥੫॥

ਵਡਹੰਸ ਕੀ ਵਾਰ, ਸਲੋਕ ਮ: ੩, ਪੰਨਾ ੫੮੭

ਜਦ ਤਕ ਜਗਿਆਸਾ ਦੀ ਪਹਿਲੀ ਅਵਸਥਾ ਅੰਦਰ ਇਹ ਗੁਰਮਤਿ ਭੈ ਵਾਲਾ ਬਿਬੇਕ, ਭਾਵਨੀ ਸੰਯੁਕਤ ਨਾ ਧਾਰਨ ਕੀਤਾ ਜਾਵੇ, ਤਦ ਤਾਈਂ ਨਿਰੀ ਤੇ ਫੋਕੀ ਕਥਨੀ ਬਦਨੀ ਦੁਆਰਾ ਕਖ ਨਹੀਂ ਬਣਦਾ, ਜੇ ਸਦਾ ਇਸ ਭੈ ਵਿਚ ਰੱਤਾ ਰਹੇ ਤਾਂ ਇਸ ਜਗਿਆਸਾ ਨੂੰ ਸਹਜ ਸੁਹਾਗ ਦਾ ਰੰਗ ਲਗ ਜਾਂਦਾ ਹੈ। ਯਥਾ ਗੁਰਵਾਕ :

ਗੋਵਿੰਦੁ ਗੁਣੀ ਨਿਧਾਨੁ ਹੈ ਅੰਤੁ ਨ ਪਾਇਆ ਜਾਇ ॥
ਕਥਨੀ ਬਦਨੀ ਨ ਪਾਈਐ ਹਉਮੈ ਵਿਚਹੁ ਜਾਇ ॥
ਸਤਿਗੁਰਿ ਮਿਲਿਐ ਸਦ ਭੈ ਰਚੈ ਆਪਿ ਵਸੈ ਮਨਿ ਆਇ ॥੧॥੫੦॥

ਸਿਰੀਰਾਗੁ ਮ: ੩, ਪੰਨਾ ੩੨-੩੩

ਜਿਸ ਦੇ ਅੰਦਰ ਇਹ ਭੈ ਨਹੀਂ, ਓਹੀ ਸਾਈਂ ਅਗੇ, ਸਤਿਗੁਰ ਅਗੇ ਨਹੀਂ ਨਿੰਵਦੇ। ਉਹਨਾਂ ਦੇ ਅੰਦਰੋਂ ਹੰਕਾਰ ਨਹੀਂ ਜਾਂਦਾ, ਇਸ ਕਰਕੇ ਉਹ ਨਹੀਂ ਨਿਉਂਦੇ। ਅਤੇ ਸੀਸ ਨਿਵਾ ਕੇ ਸਤਿਗੁਰ ਸਾਈਂ ਦੇ ਅਗੇ ਮੱਥਾ ਨਹੀਂ ਟੇਕਦੇ। ਦੇਖੋ, ਐਸੇ ਭੈ-ਹੀਣ ਹੰਕਾਰੀਆਂ ਪ੍ਰਤੀ ਗੁਰਵਾਕ ਕੀ ਫਤਵਾ ਦਿੰਦੇ ਹਨ :—

ਜੋ ਸਿਰੁ ਸਾਈ ਨਾ ਨਿਵੈ ਸੋ ਸਿਰੁ ਦੀਜੈ ਡਾਰਿ ॥
ਨਾਨਕ ਜਿਸੁ ਪਿੰਜਰ ਮਹਿ ਬਿਰਹਾ ਨਹੀ ਸੋ ਪਿੰਜਰੁ ਲੈ ਜਾਰਿ ॥੧॥੧੫॥

ਸਿਰੀਰਾਗੁ ਕੀ ਵਾਰ, ਸਲੋਕ ਮ: ੨, ਪੰਨਾ ੮੯

ਜੋ ਸਿਰੁ ਸਾਈ ਨਾ ਨਿਵੈ ਸੋ ਸਿਰੁ ਕੀਜੈ ਕਾਇ ॥
ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ ॥੭੨॥ [ਸਲੋਕ ਫਰੀਦ ਜੀ, ਪੰਨਾ ੧੩੮੧

ਭਾਈ ਰੇ ਮਿਲਿ ਸਜਣ ਹਰਿ ਗੁਣ ਸਾਰਿ ॥
ਸਜਣੁ ਸਤਿਗੁਰ ਪੁਰਖੁ ਹੈ ਦੁਖੁ ਕਢੈ ਹਉਮੈ ਮਾਰਿ ॥੧॥ਰਹਾਉ॥
ਗੁਰਮੁਖੀਆ ਸੋਹਾਗਣੀ ਤਿਨ ਦਇਆ ਪਈ ਮਨਿ ਆਇ ॥
ਸਤਿਗੁਰ ਵਚਨੁ ਰਤੰਨੁ ਹੈ ਜੋ ਮੰਨੇ ਸੋ ਹਰਿ ਰਸੁ ਖਾਇ ॥
ਸੇ ਵਡਭਾਗੀ ਵਡ ਜਾਣੀਅਹਿ ਜਿਨ ਹਰਿ ਰਸੁ ਖਾਧਾ ਗੁਰ ਭਾਇ ॥੨॥
ਇਹੁ ਹਰਿ ਰਸੁ ਵਣਿ ਤਿਣਿ ਸਭਤੁ ਹੈ ਭਾਗਹੀਣ ਨਹੀ ਖਾਇ ॥
ਬਿਨੁ ਸਤਿਗੁਰ ਪਲੈ ਨਾ ਪਵੈ ਮਨਮੁਖ ਰਹੇ ਬਿਲਲਾਇ ॥
ਓਇ ਸਤਿਗੁਰ ਆਗੈ ਨਾ ਨਿਵਹਿ ਓਨਾ ਅੰਤਰਿ ਕ੍ਰੋਧੁ ਬਲਾਇ ॥੩॥੬੯॥

ਸਿਰੀ ਰਾਗੁ ਮ: ੪, ਪੰਨਾ ੪੧

ਸੋ ਸਤਿਗੁਰ ਸਾਈਂ ਅਗੇ ਨਿਵਣਾ ਅਤੇ ਨਿੰਵ ਕੇ ਸੀਸ ਝੁਕਾਉਣਾ ਅਤੇ ਝੁਕ ਕੇ ਮੱਥਾ ਟੇਕਣਾ ਇਸ ਭੈ-ਭਾਵਨੀ ਤੋਂ ਉਪੰਨਾ ਗੁਰਮਤਿ ਬਿਬੇਕ ਹੈ, ਜੋ ਸਿਖ ਮਾਤਰ ਨੂੰ ਧਾਰਨ ਕਰਨਾ ਜ਼ਰੂਰੀ ਹੈ। ਸਰਬ ਕਲਾ ਸਮਰੱਥ ਸਾਈਂ ਸਤਿਗੁਰ ਦੇ ਅਗੇ ਨਮਸਕਾਰ ਡੰਡਵਤ ਕਰਨਾ ਭੀ ਇਹੋ 'ਭੈ' ਸਿਖਾਉਂਦਾ ਹੈ। ਯਥਾ :


www.AKJ.Org

ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ ॥
ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥੧॥੨੯॥

[ਗਉੜੀ ਬਾਵਨ ਅਖਰੀ ਮ: ੫, ਪੰਨਾ ੨੫੬

ਨਮਸਕਾਰ ਗੁਰਦੇਵ ਕੋ ਸਤਿਨਾਮੁ ਜਿਸ ਮੰਤ੍ਰ ਸੁਣਾਇਆ ॥
ਭਵਜਲ ਵਿਚੋਂ ਕਢਿ ਕੇ ਮੁਕਤਿ ਪਦਾਰਥ ਮਾਹਿ ਸਮਾਇਆ ॥

ਭਾਈ ਗੁਰਦਾਸ ਜੀ, ਵਾਰ ੧, ਪਉੜੀ ੧

ਅਤੇ ਇਹੋ 'ਭੈ' ਮਨ ਦੀ ਮੈਲ ਕਟ ਕੇ ਸਰੀਰ ਨੂੰ ਭੀ ਨਿਰਮਲ ਕਰ ਦਿੰਦਾ ਹੈ ਅਤੇ ਏਸੇ ਭੈ ਕਰਕੇ ਮਤਿ ਉਤਮ (ਉੱਚੀ) ਹੁੰਦੀ ਹੈ ਅਤੇ ਅੰਤਰਿ ਜੋਤਿ ਪ੍ਰਕਾਸ਼ਦੀ ਹੈ ਅਤੇ ਏਸੇ ਭੈ ਵਿਚ ਬਹਿਣ ਰਹਿਣ ਅਤੇ ਕਾਰ ਕਮਾਵਣ ਕਰਕੇ ਇਸ ਲੋਕ ਵਿਖੇ ਸੁਖੀਏ, ਪਰਲੋਕ ਸੁਹੇਲੇ ਹੋਈਦਾ ਹੈ ਅਤੇ ਏਸ ਭੈ ਕਰਕੇ ਨਿਰਭਉ ਨਿਰੰਕਾਰ ਦੀ ਪ੍ਰਾਪਤੀ ਹੁੰਦੀ ਹੈ ਤੇ ਅੰਤ ਜੋਤੀ ਜੋਤਿ ਸਮਾਈਦਾ ਹੈ। ਯਥਾ ਗੁਰਵਾਕ :

ਭੈ ਪਇਐ ਮਲੁ ਕਟੀਐ ਨਿਰਮਲੁ ਹੋਵੈ ਸਰੀਰੁ ॥
ਅੰਤਰਿ ਪਰਗਾਸੁ ਮਤਿ ਊਤਮ ਹੋਵੈ ਹਰਿ ਜਪਿ ਗੁਣੀ ਗਹੀਰੁ ॥
ਭੈ ਵਿਚਿ ਬੈਸੈ ਭੈ ਰਹੈ ਭੈ ਵਿਚਿ ਕਮਾਵੈ ਕਾਰ ॥
ਐਥੈ ਸੁਖੁ ਵਡਿਆਈਆ ਦਰਗਹ ਮੋਖ ਦੁਆਰ ॥
ਭੈ ਤੇ ਨਿਰਭਉ ਪਾਈਐ ਮਿਲਿ ਜੋਤੀ ਜੋਤਿ ਅਪਾਰ ॥
ਨਾਨਕ ਖਸਮੈ ਭਾਵੈ ਸਾ ਭਲੀ ਜਿਸ ਨੋ ਆਪੇ ਬਖਸੇ ਕਰਤਾਰੁ ॥੧॥੧੯॥

ਸਲੋਕੁ ਮ: ੩, ਗੂਜਰੀ ਦੀ ਵਾਰ, ਪੰਨਾ ੫੧੬

ਅਤੇ ਇਹੋ ਭੈ ਲੋਭ-ਰੱਤ ਨੂੰ ਵਿਚਹੁੰ ਗਵਾਉਂਦਾ ਅਤੇ ਦੁਰਮਤਿ ਮੈਲ ਨੂੰ ਤਜਾਉਂਦਾ ਹੈ। ਜੈਸੇ ਗੁਰਵਾਕ ਹੈ :

ਭੈ ਪਇਐ ਤਨੁ ਖੀਣੁ ਹੋਇ ਲੋਭ ਰਤੁ ਵਿਚਹੁ ਜਾਇ ॥
ਜਿਉ ਬੈਸੰਤਰਿ ਧਾਤੁ ਸੁਧੁ ਹੋਇ ਤਿਉ ਹਰਿ ਕਾ ਭਉ ਦੁਰਮਤਿ ਮੈਲੁ ਗਵਾਇ ॥
ਨਾਨਕ ਤੇ ਜਨ ਸੋਹਣੇ ਜੋ ਰਤੇ ਹਰਿ ਰੰਗੁ ਲਾਇ ॥੧॥੮॥

ਰਾਮਕਲੀ ਕੀ ਵਾਰ, ਸਲੋਕ ਮ: ੩, ਪੰਨਾ ੯੪੯-੫੦

ਅਤੇ ਏਸੇ ਭੈ ਵਿਚਿ ਰਚ ਕੇ ਹੀ ਗੁਰਸਿਖ ਗੁਰੂ ਕੀ ਸੇਵਾ ਚਾਕਰੀ ਕਮਾਉਂਦੇ ਹਨ। ਯਥਾ ਗੁਰਵਾਕ :

ਗੁਰ ਕੀ ਸੇਵਾ ਚਾਕਰੀ ਭੈ ਰਚਿ ਕਾਰ ਕਮਾਇ ॥੨॥੩॥

[ਬਿਹਾਗੜੇ ਕੀ ਵਾਰ, ਮ: ੩, ਪੰਨਾ ੫੪੯

ਅਤੇ ਏਸੇ ਭੈ ਵਿਚ ਰਹਿਣ ਦੀ ਰਹਿਣੀ ਰਹਿਣ ਨੂੰ ਅਤੇ ਇਸੇ ਭੈ ਵਿਚ ਚੱਲਣ ਦੀ ਗੁਰਮਤਿ ਨਿਰਾਲੀ ਚਾਲ ਨੂੰ ਭਾਈ ਗੁਰਦਾਸ ਜੀ ਇਸ ਬਿਧਿ ਉਚਾਰਦੇ ਹਨ :

ਗੁਰਮੁਖ ਭੈ ਵਿਚਿ ਜੰਮਣਾ ਭੈ ਵਿਚਿ ਰਹਿਣਾ ਭੈ ਵਿਚਿ ਚਲਣਾ ॥
ਸਾਧ ਸੰਗਤਿ ਭੈ ਭਾਇ ਵਿਚਿ ਭਗਤਿ ਵਛਲੁ ਕਰਿ ਅਛਲ ਛਲਣਾ ॥

ਭਾਈ ਗੁਰਦਾਸ ਜੀ, ਵਾਰ ੧੮, ਪਉੜੀ ੧੭

ਏਸ ਭਉ ਤੋਂ ਭਾਉ, ਅਰਥਾਤ, ਪ੍ਰੇਮ ਉਤਪੰਨ ਹੁੰਦਾ ਹੈ। ਪ੍ਰਿਥਮ ਜਿਸ ਦੇ ਮਨ ਵਿਚ ਸੱਚਾ ਭਉ ਨਹੀਂ ਪਇਆ, ਉਸ ਦੇ ਮਨ ਅੰਦਰ 'ਭਾਉ' ਦਾ ਉਗਵਣਾ ਔਖਾ ਹੈ। ਪ੍ਰੰਤੂ "ਨਾਨਕ ਜਿਨ੍ ਮਨਿ ਭਉ ਤਿਨ੍ਾ ਮਨਿ ਭਾਉ"* ਦੇ ਗੁਰਵਾਕ ਅਨੁਸਾਰ ਭਾਉ (ਪ੍ਰੇਮ) ਤਿਨ੍ਹਾਂ ਦੇ ਮਨ ਅੰਦਰ ਹੀ ਸਫੁਟ ਹੁੰਦਾ ਹੈ ਜਿਨ੍ਹਾਂ ਦੇ ਮਨ ਅੰਦਰ ਪਹਿਲਾਂ 'ਭਉ' ਪੈਂਦਾ ਹੈ। ਤਾਂ ਤੇ ਭਉ ਤੇ 'ਭਾਉ' ਦਾ ਪ੍ਰਸਪਰ ਬਹੁਤ ਗੂੜ੍ਹਾ ਸੰਬੰਧ ਹੈ। ਗੁਰਸਿੱਖੀ ਦੇ ਪ੍ਰੇਮ-ਮੰਡਲ

* ਆਸਾ ਦੀ ਵਾਰ, ੨॥੫॥ ਪੰਨਾ ੪੬੫



www.AKJ.Org

ਵਿਚ ਗੁਰਸਿਖ ਦਾ ਨਾਤਾ ਇਸ ਭਉ ਤੋਂ ਜੁੜਦਾ ਹੈ। ਇਸ ਭਉ ਤੋਂ ਉਡਾਰੀ ਮਾਰ ਕੇ ਪ੍ਰੇਮ-ਮੰਡਲ ਵਿਚ ਜਾ ਖੇਡਣ ਵਾਲੇ ਖਿਡਾਰੀ ਨਿਰਭੈ ਪਦ ਦੇ ਨਿਰੰਕਾਰੀ ਦੇਸ ਵਿਚ ਜਾ ਪ੍ਰਵੇਸ਼ ਕਰਦੇ ਹਨ । ਅਤੇ ਸੰਸਾਰੀ ਭਉ ਤਾਂ ਨਿਰਭਉ ਨਿਰੰਕਾਰੀ ਨਾਮ ਦੇ ਜਪਣ ਕਰਕੇ ਉਸ ਅਵਸਥਾ ਤੇ ਉਹ ਉਹੋ ਹੀ ਮਿਟ ਮਿਟਾ ਜਾਂਦੇ ਹਨ। ਜੈਸੇ ਕਿ : "ਨਿਰਭਉ ਜਪੈ ਸਗਲ ਭਉ ਮਿਟੈ"† ਅੰਤੇ "ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ ਤਿਨ ਕਾ ਭਉ ਸਭੁ ਗਵਾਸੀ"‡ ਅਤੇ "ਜਿਨ ਨਿਰਭਉ ਨਾਮੁ ਧਿਆਇਆ ਤਿਨ ਕਉ ਭਉ ਕੋਈ ਨਾਹਿ"() ਆਦਿਕ ਗੁਰ ਪ੍ਰਮਾਣਾਂ ਦੇ ਭਾਵ ਤੋਂ ਸਿਧ ਹੈ। ਏਸੇ 'ਭਉ' ਦਾ ਅਰਥ ਭਾਈ ਨੰਦ ਲਾਲ ਜੀ 'ਅਦਬ' ਕਰਦੇ ਹਨ ਅਤੇ ਏਸ ਅਦਬ (ਭਉ) ਦੀ ਮਹਿਮਾ ਜੋ ਭਾਈ ਸਾਹਿਬ ਜੀ ਕਰਦੇ ਹਨ ਉਹ ਇੰਨ ਬਿੰਨ ਉਹਨਾਂ ਦੇ ਆਪਣੇ ਪਦਾਂ ਵਿਚ ਵਰਨਣ ਕੀਤੀ ਇਸ ਪ੍ਰਕਾਰ ਹੈ :

(੧) ਤਾਲਿਬਾਨਿ ਹੱਕ ਹਮੇਸ਼ਹ ਬਾ-ਅਦਬ ।
ਬਾ-ਅਦਬ ਬਾਸ਼ੰਦ, ਅੰਦਰ ਯਾਦਿ ਰੱਬ ॥੩੧੬॥

(੨) ਬੇ-ਅਦਬ ਰਾ ਕੈ ਜ਼ਿ ਰਾਹੇ ਸ਼ਾਂ ਖ਼ਬਰ ।
ਬੇ-ਅਦਬ ਅਜ਼ ਹੱਕ ਹਮੇਸ਼ਹ ਬੇ-ਖ਼ਬਰ ॥੩੧੭॥

(੩) ਬੇ-ਅਦਬ ਹਰਗਿਜ਼ ਬ-ਹੱਕ ਰਾਹੇ ਨ-ਯਾਫ਼ਤ ।
ਰਾਹਿ ਹੱਕ ਰਾ ਹੇਚ ਗੁਮਰਾਹੇ ਨ-ਯਾਫ਼ਤ ॥੩੧੮॥

(੪) ਹਾਦੀਏ ਰਾਹੇ ਖ਼ੁਦਾ ਆਮਦ ਅਦਬ ।
ਬੇ-ਅਦਬ ਖ਼ਾਲੀ-ਸਤ ਅਜ਼ ਅਲਤਾਫ਼ਿ ਰੱਬ ॥੩੧੯॥

(੫) ਬੇ-ਅਦਬ ਰਾਹੇ ਖ਼ੁਦਾ ਕੈ ਦਾਨਦਸ਼ ।
ਹਰ ਕਿਰਾ ਕਹਿਰੇ ਖ਼ੁਦਾ ਮੇ ਰਾਨਦਸ਼ ॥੩੨੦॥

(੬) ਦਰ ਪਨਾਹੇ ਸਾਯਾਏ ਮਰਦਾਨ ਹੱਕ ।
ਗਰ ਰਵੀ ਆਂ ਜਾ ਅਦਬ ਯਾਬੀ ਸਬਕ ॥੩੨੧॥

(੭) ਬੇ-ਅਦਬ ਆਂ ਜਾ ਅਦਬ ਆਮੋਜ਼ ਸ਼ੁਦ ।
ਈਂ ਚਰਾਗ਼ੇ ਗੁਲ ਜਹਾਂ ਅਫ਼ਰੋਜ਼ ਸ਼ੁਦ ॥੩੨੨॥

(੮) ਐ ਖ਼ੁਦਾ ਹਰ ਬੇ-ਅਦਬ ਰਾ ਦੇਹ ਅਦਬ ।
ਤਾ ਗੁਜ਼ਾਰਦ ਉਮਰ ਅੰਦਰ ਯਾਦੇ ਰੱਬ ॥੩੨੩॥

(੯) ਈਂ ਅਦਬ ਤਾ ਜ਼ੇਸਤ ਬਰ ਅਫ਼ਰਾਕੇ ਕਸ ।
ਆਂ ਕਿ ਗ਼ਾਫ਼ਿਲ ਨੇਸਤ ਅਜ਼ ਹੱਕ ਯੱਕ ਨਫ਼ਸ ॥੩੨੪॥

ਭਾਈ ਨੰਦ ਲਾਲ ਜੀ, ਜ਼ਿੰਦਗੀ ਨਾਮਹ

ਭਾਈ ਨੰਦ ਲਾਲ ਜੀ ਦੇ ਇਹਨਾਂ ਬਚਨਾਂ ਦੇ ਭਾਵ-ਅਰਥ ਨੰਬਰਵਾਰ ਇਸ ਪ੍ਰਕਾਰ ਹਨ :

(੧) ਸੱਚੇ ਸਾਈਂ (ਅਕਾਲ ਪੁਰਖ) ਦੇ ਲੋੜਨਹਾਰ (ਤਲਬਗਾਰ) ਹਨ, ਓਹਨਾਂ ਦੀ ਰਹਿਣੀ ਸਦਾ ਅਦਬ (ਭੈ-ਭਾਵਨੀ) ਵਾਲੀ ਹੁੰਦੀ ਹੈ। ਅਤੇ ਓਹ ਏਸ ਅਦਬ (ਭੈ ਭਾਉ) ਨੂੰ ਅੰਦਰ ਵਸਾ ਕੇ ਕਰਤਾਰ ਸਿਰਜਨਹਾਰ ਦਾ ਸਿਮਰਨ ਚਿੰਤਨ ਕਰਦੇ ਹਨ।

(੨) ਜਿਹੜੇ ਬੇਅਦਬ (ਭੈ-ਭਾਵਨੀ ਰਹਿਤ) ਹਨ, ਓਹਨਾਂ ਨੂੰ ਉਕਤ ਅਦਬ ਵਾਲੇ ਰੱਬੀ ਬੰਦਿਆਂ ਦੇ ਹਾਲ ਦੀ ਕੀ ਸਾਰ ? ਬੇਅਦਬ ਸਚੇ (ਸਾਈਂ) ਦੀ ਪਛਾਣ ਵਲੋਂ ਸਦਾ ਦ੍ਰਿਸ਼ਟਿ-ਹੀਣ ਹੀ ਰਹਿੰਦੇ ਹਨ।

---

† ਸੁਖਮਨੀ ਸਾਹਿਬ, ੭॥੨੨॥ ਪੰਨਾ ੨੯੩
‡ ਆਸਾ ਮਃ ੪ ਸੋ ਪੁਰਖ, ॥੩॥ ਪੰਨਾ ੧੧
() ਸਲੋਕ ਮਃ ੪, ਵਾਰ ਗਉੜੀ, ੧॥੧੭॥ ਪੰਨਾ ੩੧੦



www.AKJ.Org

(੩) ਬੇਅਦਬ ਨੂੰ ਕਦੇ ਭੀ ਸੱਚੇ ਸਾਹਿਬ ਦਾ ਸੱਚਾ ਮਾਰਗ ਨਹੀਂ ਮਿਲਦਾ ਅਤੇ ਮਾਰਗ ਤੋਂ ਘੁਥੇ ਹੋਏ ਕਿਸੇ ਪ੍ਰਾਣੀ ਦੀ ਪਹੁੰਚ ਸੱਚੇ ਸਾਈਂ ਤੀਕ ਨਹੀਂ ਹੋ ਸਕਦੀ।

(੪) ਇਸ ਸੱਚੇ ਮਾਰਗ ਦਾ (ਰੱਬ ਦੀ ਦਰਗਾਹ ਤਾਈਂ ਤੋੜ ਪੁਚਾਵਣਹਾਰਾ) ਰਾਹਬਰ ਇਹ ਅਦਬ ਹੈ। ਜੋ ਬਅਦਬ ਹੈ ਉਹ ਰੱਬ ਦੀਆਂ ਰਹਿਮਤਾਂ ਤੋਂ ਖ਼ਾਲੀ (ਵਾਂਜਿਆ ਰਹਿੰਦਾ) ਹੈ।

(੫) ਬੇਅਦਬ ਪੁਰਸ਼ ਪਰਮਾਤਮਾ ਦੇ ਪਾਉਣ ਦੇ ਤ੍ਰੀਕੇ ਨੂੰ ਕਦ ਜਾਣ ਸਕਦਾ ਹੈ? (ਅਰਥਾਤ, ਕਦੇ ਨਹੀਂ ਜਾਣ ਸਕਦਾ), ਜਿਸ ਨੂੰ ਕਿ ਓਸ ਦੇ ਕਹਿਰ ਨੇ ਪਛਾੜ ਲਤਾੜ ਛਡਿਆ ਹੋਵੇ।

(੬) ਜੇ ਤੂੰ ਪਰਮੇਸ਼ਰ ਦੇ ਪਿਆਰਿਆਂ ਗੁਰਮੁਖ-ਜਨਾਂ ਦੀ ਸ਼ਰਨ ਸੰਗਤ ਦੇ ਪ੍ਰਭਾਵ ਤਲੇ ਜਾ ਕੇ ਵਾਸ ਪਾਵੇਂ ਤਾਂ ਓਥੇ ਤੈਨੂੰ ਏਸ ਅਦਬ ਦੀ ਸੰਥਾ ਮਿਲੇ।

(੭) ਓਥੇ ਜਾ ਕੇ ਬੇਅਦਬ (ਭਾਵਨੀ-ਹੀਣ) ਪੁਰਖ ਭੀ ਅਦਬਾਂ ਵਾਲਾ (ਭੈ-ਭਾਵਨੀ ਵਾਲਾ) ਬਣ ਜਾਂਦਾ ਹੈ। ਇਹ ਦੀਵਾ ਫੇਰ ਸਾਰੇ ਜਹਾਨ ਵਿਚ ਉਜਾਲਾ ਕਰਨ ਵਾਲਾ ਹੋ ਜਾਂਦਾ ਹੈ।

(੮) ਹੇ ਅਕਾਲ ਪੁਰਖ ਪਰਮਾਤਮਾ! ਹਰੇਕ ਬੇਅਦਬ ਪੁਰਸ਼ ਨੂੰ ਅਦਬ ਦਾਨ ਦੇਹ। ਜਾਂ ਤੇ ਉਹ ਆਪਣੀ ਸਾਰੀ ਆਯੂ ਤੇਰੀ ਭਾਉ ਭਗਤੀ (ਸਿਮਰਨ) ਅੰਦਰਿ ਬਤੀਤ ਕਰੇ।

(੯) ਇਹ ਅਦਬ ਉਸ ਪ੍ਰਾਣੀ ਦੇ ਸੀਸ ਦਾ ਤਾਜ ਹੈ ਜੋ ਕਿ ਨਿਮਖ ਸੁਆਸ ਮਾਤ੍ਰ ਭੀ ਸੱਚੇ ਸਿਰਜਨਹਾਰ (ਦੀ ਯਾਦ) ਤੋਂ ਗ਼ਾਫ਼ਿਲ ਨਹੀਂ।

ਇਹ ਭੈ ਹੀ ਹੈ ਜੋ ਬੰਦੇ ਨੂੰ ਬੰਦਗੀ ਅੰਦਰਿ ਸਦਾ ਨਿਰਮਾਣ ਅਤੇ ਨਿਰਵਿਕਾਰ ਰਖਦਾ ਹੈ। ਭੈ ਅਦਬਾਂ ਵਾਲੇ ਬੰਦੇ ਜਿਉਂ ਜਿਉਂ ਬੰਦਗੀ (ਭਾਉ ਭਗਤੀ) ਕਰਦੇ ਹਨ, ਤਿਉਂ ਤਿਉਂ ਸਗੋਂ ਹੋਰ ਨੀਵੇਂ ਹੁੰਦੇ ਜਾਂਦੇ ਹਨ। ਉਹ ਆਪਾ ਕਦੇ ਨਹੀਂ ਜਣਾਉਂਦੇ ਅਤੇ ਸਰਬ ਦੀ ਰੇਣਕਾ ਹੋ ਕੇ ਰਹਿੰਦੇ ਹਨ। ਉਹਨਾਂ ਦਾ ਮਨ ਸਦਾ ਨੀਵਾਂ ਰਹਿੰਦਾ ਹੈ। ਇਹ ਉਹਨਾਂ ਦਾ ਉਚ ਮਤਾ ਹੈ। ਯਥਾ ਗੁਰਵਾਕ :—

ਆਪਸ ਕਉ ਜੋ ਜਾਣੈ ਨੀਚਾ। ਸੋਊ ਗਨੀਐ ਸਭ ਤੇ ਊਚਾ॥
ਜਾ ਕਾ ਮਨੁ ਹੋਇ ਸਗਲ ਕੀ ਰੀਨਾ॥ ਹਰਿ ਹਰਿ ਨਾਮੁ ਤਿਨਿ ਘਟਿ ਘਟਿ ਚੀਨਾ॥੬॥੩॥

ਗਉੜੀ ਸੁਖਮਨੀ ਮ: ੫, ਪੰਨਾ ੨੬੬

ਏਸ ਗੁਰਮੱਤਿ ਭੈ-ਭਾਵਨੀ ਦੇ ਬਿਬੇਕ ਧਾਰਨ ਕਰਿ ਬਿਬੇਕ ਜਨ ਨੂੰ ਗੁਰਮਤਿ ਕਰਮਾਂ ਦੀ ਕਮਾਈ ਦਾ ਕਿੰਚਤ ਮਾਤਰ ਭੀ ਸੂਖਮ ਤੋਂ ਸੂਖਮ ਹੰਕਾਰ ਨਹੀਂ ਹੁੰਦਾ। ਬਿਬੇਕੀ ਜਨ ਜਿਤਨੇ ਭੀ ਬਿਬੇਕ ਕਰਮ ਕਮਾਉਂਦਾ ਹੈ, ਸਦੀਵ ਏਸੇ ਭੈ-ਭਾਵਨੀ ਦੇ ਪ੍ਰਭਾਵ ਤਲੇ ਕਮਾਉਂਦਾ ਹੈ। ਏਸੇ ਕਰਕੇ ਉਹ ਗੁਰਮਤਿ ਭੈ-ਬਿਬੇਕ ਮਾਰਗ ਤੋਂ ਕਦੇ ਥਿੜਕਦਾ ਨਹੀਂ। ਤਾਂ ਤੇ ਹਰੇਕ ਸਚਿਆਰ ਬਿਬੇਕੀ ਨੂੰ ਹਰ ਵਕਤ ਸੁਚੇਤ ਹੋ ਕੇ ਰਹਿਣਾ ਚਾਹੀਦਾ ਹੈ ਕਿ ਏਸ ਭੈ-ਭਾਵਨੀ ਵਾਲੀ ਬਿਰਤਿ ਤੋਂ ਕਦੇ ਸੁੰਞਾ ਨਾ ਹੋਵੇ। ਏਥੋਂ ਸੁੰਞਾ ਹੋਇਆ ਤਾਂ ਥਿੜਕਿਆ। ਤਾਂ ਹੀ ਏਸ ਭੈ-ਭਾਵਨੀ ਨੂੰ ਭਾਈ ਨੰਦ ਲਾਲ ਜੀ ਨੇ 'ਰਾਹੇ ਖ਼ੁਦਾ' ਦਾ 'ਹਾਦੀ' ਦਸਿਆ ਹੈ। ਇਹ ਭੈ ਜਗਿਆਸੂ ਨੂੰ ਪਾਪ ਵਿਚ ਪ੍ਰਵਿਰਤ ਹੋਣੋਂ ਬਚਾਉਂਦਾ ਹੈ। ਇਹ ਭੈ ਹੀ ਹੈ ਜੋ ਉਸ ਨੂੰ ਸਦਾ ਕੁਕਰਮਾਂ ਤੋਂ ਹੋੜਦਾ ਹਟਕਾਉਂਦਾ ਰਹਿੰਦਾ ਹੈ। ਜਿਸ ਜਗਿਆਸੂ ਦੇ ਸੀਸ ਉਤੇ ਅਕਾਲ ਪੁਰਖ ਦੇ ਇਸ ਭੈ ਦਾ ਤਾਜ ਹੈ, ਉਹ ਸਦਾ ਹੀ ਸਿਮਰਨ ਭਜਨ ਅੰਦਰਿ ਸੁਰਜੀਤ ਰਹਿੰਦਾ ਹੈ। ਤਾਂ ਤੇ ਇਸ ਭੈ-ਭਾਵਨੀ ਵਾਲਾ ਗੁਰਮੁਖਿ ਸਿਖ ਹੋਣਾ ਬਿਬੇਕੀ ਸਿੰਘ ਦੀ ਇਕ ਅਮੁੱਲ ਗੁਣ ਨਿਸ਼ਾਨੀ ਹੈ। ਭੈ ਦੇ ਪ੍ਰਭਾਵ ਕਰਕੇ ਪਿਛੇ ਦਸੇ ਅਨੁਸਾਰ ਗੁਰਮਤਿ ਜਗਿਆਸੂ ਨਿਸ਼ਪਾਪ ਅਤੇ ਸ਼ੁਭ-ਕਰਮੀ ਹੋ ਜਾਂਦਾ ਹੈ। ਇਸ ਕਰਕੇ ਉਹ ਜਮ ਦੰਡ ਦੀ ਕਾਣ ਤੋਂ ਭੀ ਰਹਿਤ ਹੁੰਦਾ ਹੋਇਆ ਨਰਕ ਗਾਮੀ ਹੋਣੋਂ ਸਦਾ ਲਈ ਬਚ ਜਾਂਦਾ ਹੈ ਅਤੇ ਉਸ ਦੇ ਸ਼ੁਭ ਕਰਮ ਨਿਸ਼ਕਰਮ ਕਰਮ ਹੁੰਦੇ ਹਨ, ਇਸ ਕਰਕੇ ਉਸ ਦੀ ਆਤਮ-ਅਵਸਥਾ "ਸੁਰਗ ਬਾਸੁ ਨ ਬਾਛੀਐ ਡਰੀਐ ਨ ਨਰਕਿ ਨਿਵਾਸੁ॥ ਹੋਨਾ ਹੈ ਸੋ ਹੋਈ ਹੈ ਮਨਹਿ ਨ ਕੀਜੈ ਆਸ।"† ਗੁਰਵਾਕ ਦੇ ਹੁਕਮ *

† ਗਉੜੀ ਪੂਰਬੀ ਕਬੀਰ ਜੀ, ਪੰਨਾ ੩੩੭



www.AKJ.Org

# ਨਾਮ ਜਪਣ ਦੀ ਜੁਗਤੀ

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਸਾਨੂੰ ਗੁਰਸਿੱਖਾਂ ਨੂੰ ਗੁਰੂ ਸੱਚੇ ਪਾਤਸ਼ਾਹ ਨੇ ਨਾਮ ਦ੍ਰਿੜ੍ਹਾਇਆ, ਨਾਮ ਦੀ ਪੂਜਾ ਸਿਖਾਈ, ਗੁਰਦੀਖਿਆ ਦੀ ਗੁੜ੍ਹਤੀ ਦਿਤੀ। ਕਮਾਈ ਵਾਲੇ ਪੰਜਾਂ ਪਿਆਰਿਆਂ ਦੇ ਸਰੂਪ ਵਿਚਿ ਦਿਤੀ, ਜਿਨ੍ਹਾਂ ਨੇ ਖ਼ੁਦ ਨਾਮ ਅਭਿਆਸ ਰੂਪੀ ਸਚੜੀ ਪੂਜਾ ਨੂੰ ਜਗਿਆਸੂ ਜਨਾਂ ਪ੍ਰਤੀ ਕਰ ਕੇ ਪਰਤੱਖ ਦਿਖਾਇਆ। ਗੁਰਮੰਤਰ ਗੁਰਦੀਖਿਆ ਮਈ ਗੁਰਮਤਿ ਨਾਮ ਦਾ ਅਭਿਆਸ ਕਰਨਾ ਸਿਖਾਇਆ, ਜਿਸ ਵਿਚਿ ਕੋਈ ਫ਼ਰਜ਼ੀ ਧਿਆਨ ਕਿਸੇ ਫ਼ਰਜ਼ੀ ਮੂਰਤੀ ਦਾ ਨਹੀਂ ਧਰਨਾ ਪੈਂਦਾ। ਅਭਿਆਸ ਕਰਦੇ ਹੋਏ ਗੁਰਮੰਤਰ ਗੁਰਮਤਿ ਨਾਮ ਰੂਪੀ ਸ਼ਬਦ ਨੂੰ ਸੁਰਤੀ ਨਾਲਿ ਜੋੜਨਾ ਹੈ। ਨਾਮ ਜਪਦੇ ਹੋਏ, ਨਾਮ ਜਾਪ ਦੇ ਆਰੰਭ ਵਿਚਿ ਸ਼ਬਦ ਨਾਲਿ ਸੁਰਤਿ ਲਾਉਣੀ ਹੈ। ਨਾਮ ਸ਼ਬਦ ਦੀ ਜੋ ਧੁਨੀ ਅਭਿਆਸ-ਜਪ ਕਰਦਿਆਂ ਆਵੇ (ਨਿਕਲੇ), ਉਸ ਧੁਨਿ ਨਾਲ ਸੁਰਤੀ ਨੂੰ ਜੋੜਨਾ, ਇਹ ਸ਼ਬਦ ਸੁਰਤਿ ਦਾ ਅਰੰਭਕ ਖੇਲੁ ਹੈ। ਅਭਿਆਸੀ ਜਨ ਪਹਿਲਾ ਏਥੋਂ ਹੀ ਅਭਿਆਸ ਆਰੰਭ ਕਰਦਾ ਹੈ। ਗੁਰਮੰਤਰ ਨਾਮ ਸ਼ਬਦ ਚੁਅਖਰੇ ਦਾ ਪਹਿਲਾ ਦੁਅਖਰਾ ਸਹਿਤ ਸੁਆਸ ਦੇ ਅੰਦਰ ਨੂੰ ਖਿਚ ਕੇ ਉਪਰ ਨੂੰ ਦਸਮੇ ਦੁਆਰ ਓਰ ਲੈ ਜਾਵੇ, ਸਹਜ ਸੁਆਸੀ ਸੁਤੇ ਵੇਗ ਸੇਤੀ ਲੈ ਜਾਵ ਅਤੇ ਸਹਜ ਸੁਆਸੀ ਵੇਗ ਸੇਤੀ ਹੀ ਉਪਰੋਂ (ਅੰਦਰੋਂ) ਹੇਠਾਂ ਬਾਹਰ ਵਲ ਉਤਰਾਵੇ। ਅਤੇ ਉਤਰਾਵਨ ਸਮੇਂ ਪਿਛਲੇ (ਦੂਜੇ) ਅਰਧ ਗਰਮੰਤਰੀ ਸ਼ਬਦ ਦੇ ਹਿਸੇ ਨੂੰ ਰਸਨਾ ਨਾਲਿ ਸਪਰਸ਼ ਕੇ ਨਿਕਸਾਵੇ। ਏਸੇ ਪ੍ਰਕਾਰ ਸੁਤੇ ਸੁਆਸਾਂ ਦੇ ਸਹਜ ਵੇਗ ਸਹਿਤ ਸ਼ਬਦ ਅਭਿਆਸ ਦਾ ਸਿਲਸਿਲਾ ਸਦਾ ਜਾਰੀ ਰਖੇ। ਉਪਰ ਨੂੰ ਅਰਥਾਤ ਅੰਦਰ ਨੂੰ ਸੁਆਸ ਲੈ ਜਾਣ ਸਮੇਂ ਸ਼ਬਦ ਦਾ ਸਪਰਸ਼ ਹਲਕ ਤਾਲੂ ਸਹਿਤ ਹੋਵੇਗਾ। ਅਤੇ ਹੇਠਾਂ ਬਾਹਰਵਾਰ ਨੂੰ ਸੁਆਸ ਉਤਾਰਦੇ ਹੋਏ ਸ਼ਬਦ ਰਸਨਾ ਸੇਤੀ ਸਪਰਸ਼ੇਗਾ। ਇਸ ਸਪਰਸ਼ ਦੀ ਧੁਨੀ ਚਾਹੇ ਬ੍ਰੈਖਰੀ ਹੋਵੇ, ਚਾਹੇ ਮੱਧਮਾ ਪਰਾ-ਪਸੰਤੀ ਹੋਵੇ, ਉਸ ਧੁਨੀ ਸੇਤੀ ਸੁਰਤਿ ਨੂੰ ਜੋੜਨਾ ਹੈ। "ਸਬਦੁ ਗੁਰੂ ਸੁਰਤਿ ਧੁਨਿ

---

* ਅਨੁਸਾਰੀ ਵਰਤੋਂ ਵਾਲੀ ਹੋ ਜਾਂਦੀ ਹੈ। ਓਹਨਾਂ ਦੀ "ਏਕਹਿ ਆਸਾ ਦਰਸ ਪਿਆਸਾ ਆਨ ਨ ਭਾਵੇ"‡ ਵਾਲੀ ਬਿਰਤੀ ਹੋਣ ਕਰਕੇ ਉਹ ਸਦਾ, "ਰਮਈਆ ਗੁਨ ਗਾਈਐ ਜਾ ਤੇ ਪਾਈਐ ਪਰਮ ਨਿਧਾਨੁ ॥† ਦੇ ਉਚ ਬਿਬੇਕ ਦੇ ਕਮਾਵਣਹਾਰੇ ਹੀ ਰਹਿੰਦੇ ਹਨ। ਅਤੇ ਇਸ ਕਮਾਈ ਦੇ ਉਚ ਡੰਡੇ ਤੇ ਅਪੜ ਕੇ ਚੜ੍ਹਦੀ ਕਲਾ ਦੇ ਮਸਤੂਲ ਮਸਤ ਰੰਗਾਂ ਵਿਚ ਰੰਗੇ ਹੋਏ ਅਜਿਹੇ ਸੰਤ ਭਗਤ ਬਿਬੇਕੀ ਜਨਾਂ ਨੂੰ ਹੀ ਇਹ ਕਹਿਣਾ ਸੋਭਦਾ ਹੈ ਕਿ :

ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ ॥
ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ ਗੁਰ ਪਰਸਾਦੇ ॥੫॥੩॥

ਰਾਮਕਲੀ ਕਬੀਰ ਜੀਉ, ਪੰਨਾ ੯੬੯

ਬਸ, ਗੁਰਮਤਿ ਭੈ ਦੇ ਬਿਬੇਕ-ਧਾਰੀਆਂ ਦਾ ਇਹ ਸਿਧਾਂਤ ਭੀ ਭੈ ਦੀ ਬਿਬੇਕ ਧਾਰਨਾ ਤੋਂ ਹੀ ਉਪੰਨਾ ਹੈ ਕਿ ਉਹ ਕਾਲ ਦੇ ਭੈ ਤੋਂ ਭੀ ਰਹਿਤ ਹੋ ਜਾਂਦੇ ਹਨ। ਇਹ ਭੈ ਸਾਨੂੰ ਪ੍ਰਿਥਮ ਅਕਾਲ ਪੁਰਖ ਦਾ ਅਦਬ ਸਿਖਾਲਦਾ ਹੈ ਅਤੇ ਅਕਾਲ ਪੁਰਖ ਜਿਹਾ ਹੀ ਅਕਾਲੀ ਬਾਣੀ ਦਾ ਅਦਬ ਅਤੇ ਇਸ ਅਕਾਲੀ ਬਾਣੀ ਦੇ ਪੁੰਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ* ਸਚੇ ਗੁਰਦੇਵ ਸਮਾਨ ਅਦਬ ਕਰਨਾ ਸਿਖਾਲਦਾ ਹੈ। ਗੁਰਬਾਣੀ ਦੀਆਂ ਪੋਥੀਆਂ ਦਾ ਅਦਬ "ਪੋਥੀ ਪਰਮੇਸਰ ਕਾ ਥਾਨੁ"() ਦੇ ਗੁਰਵਾਕ ਅਨੁਸਾਰ ਕਰਨਾ ਕਰਾਉਣਾ, ਇਹ ਭੀ ਬਿਬੇਕੀ ਜਨਾਂ ਦਾ ਸੱਚਾ ਭੈ ਭਾਵਨੀ ਵਾਲਾ ਬਿਬੇਕ ਕਰਮ ਇਸ ਗੁਰਮਤਿ ਭੈ ਧਾਰਨ ਰੂਪੀ ਹੁਕਮ ਕਮਾਵਣ ਤੋਂ ਉਪੰਨਾ ਹੈ!

['ਗੁਰਮਤਿ ਬਿਬੇਕ' ਪੁਸਤਕ ਵਿਚੋਂ

---

† ਗਉੜੀ ਪੂਰਬੀ ਕਬੀਰ ਜੀ, ੩੩੭ ‡ਆਸਾ ਮ: ੫, ॥੨॥੧੪੭॥ ਪੰਨਾ ੪੦੭ ()ਸਾਰਗ ਮ: ੫, ਪੰਨਾ ੧੨੨੬

* ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਦੇਵ ਸਮਾਨ ਅਦਬ ਸਨਮਾਨ ਕਿਰਨ ਪ੍ਰਥਾਇ "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੱਚੇ ਗੁਰਦੇਵ" ਨਾਮੇ ਪੁਸਤਕ ਅੰਦਰ ਵਿਸਥਾਰ ਪੂਰਬਕ ਦਸਿਆ ਜਾਵੇਗਾ।

www.AKJ.Org

ਚੇਲਾ''* ਦੇ ਗੁਰਵਾਕ ਅਨੁਸਾਰੀ ਇਹ ਗੁਰਮਤਿ ਨਾਮ ਅਭਿਆਸ ਦੀ ਖੇਡ ਹੈ।

ਸ਼ਬਦ ਗੁਰੂ ਰੂਪ ਇਸ ਕਰਕੇ ਹੈ ਕਿ ਧੁਰੋਂ ਨਿਰੰਕਾਰ ਦੀ ਦਰਗਾਹ ਤੋਂ ਆਇਆ ਹੋਣ ਕਰਕੇ ਸ਼ਬਦ ਦੀ ਸਪਰਸ਼ ਪਾਰਸ ਰੂਪੀ ਹੈ, ਅੰਮ੍ਰਿਤ ਰਸਾਇਣੀ ਹੈ। ਇਸ ਦੇ ਹਲਕ ਤਾਲੂ ਨਾਲਿ ਸੁਰਤੀ ਸਹਿਤ ਸਪਰਸ਼ਿਆਂ ਕਾਟ ਕਰ ਕੇ ਸਨੇ ਸਨੇ ਬਿਸਮਾਦ ਰੂਪ ਵਿਚਿ ਲੀਨਤਾ ਦਾ ਆਨੰਦ, ਬਿਸਮ ਅਨੰਦ ਆਉਣ ਲਗ ਪੈਂਦਾ ਹੈ। ਰਸਨਾ ਨਾਲਿ ਸਪਰਸ਼ ਹੋਣ ਕਰਕੇ ਅੰਤਰਗਤਿ ਜੋਤਿ ਪ੍ਰਕਾਸ਼ ਦਾ ਰਸ ਰੁਮਕਣ ਲਗ ਪੈਂਦਾ ਹੈ। ਜਦੋਂ ਰਸ-ਬਿਸਮਤਾ ਦੀ ਨੌਬਤ ਆਨਿ ਉਪਜਦੀ ਹੈ ਤਦੋਂ ਅਭਿਆਸੀ ਜਨ ਦੀ ਸੁਰਤੀ ਬਿਰਤੀ ਇਸ ਰਸ-ਬਿਸਮਾਦ ਕਲਾ ਵਿਚਿ ਲੀਨ ਹੋ ਕੇ ਸਹਜ-ਲੀਨਤਾ ਦੇ ਦਰਜੇ ਨੂੰ ਅਪੜ ਜਾਂਦੀ ਹੈ, ਫੇਰ ਸੁਰਤੀ ਜੋੜਨ ਦਾ ਕੋਈ ਖ਼ਾਸ ਯਤਨ ਨਹੀਂ ਕਰਨਾ ਪੈਂਦਾ। ਰਸ-ਜੋਤਿ-ਪ੍ਰਕਾਸ਼ ਦੀ ਕਿਰਣ-ਕਣੀ ਹੀ ਸੁਰਤਿ-ਮਹਿਵੀਅਤ ਲਈ ਸਹਾਈ ਹੋਈ ਰਹਿੰਦੀ ਹੈ, ਸ਼ਬਦ-ਅਭਿਆਸ ਤੋਂ ਇਕ ਖਿਨ ਭੀ ਬਾਹਰ ਨਹੀਂ ਹੋਣ ਦਿੰਦੀ।

ਗੁਰ ਪ੍ਰਸਾਦ ਕਰ ਹੀ ਇਹ ਬਿਧਿ ਬਣਿ ਆਉਂਦੀ ਹੈ। ਅਤੇ ਜਿਉਂ ਜਿਉਂ ਇਹ ਬਿਧਿ ਬਣਦੀ ਹੈ ਤਿਉਂ ਤਿਉਂ ਗੁਰੂ ਕਰਤਾਰ ਦੇ ਸ਼ੁਕਰਾਨੇ ਵਿਚਿ ਨਿਮਰੀਭੂਤ ਹੋ ਕੇ ਅਭਿਆਸ ਆਨੰਦਨੀ ਖੇਡ ਐਸੀ ਹੁੰਦੀ ਹੈ ਕਿ ਸ਼ਬਦ ਅਭਿਆਸ ਗੁਰੂ ਕਰਤਾਰ ਸਨਮੁਖੀ ਅਰਦਾਸ ਰੂਪ ਹੋ ਜਾਂਦਾ ਹੈ। ਚੇਤੇ ਰਹੇ ਕਿ ਇਸ ਅਭਿਆਸ ਰਸ-ਅਨੰਦਨੀ ਖੇਡ ਵਿਚਿ ਰਸ-ਪ੍ਰਾਇਣ ਹੋ ਕੇ, ਰਸ-ਰਸਾਇਣ ਹੋ ਕੇ ਅਭਿਆਸੀ ਜਨ ਦਾ ਰੋਮ ਰੋਮ ਰੁਮਕ ਉਠਦਾ ਹੈ। ਅੰਗ ਅੰਗ ਫੁਰਕਣ ਲਗ ਪੈਂਦਾ ਹੈ। ਹੱਠ ਭੀ ਆ-ਮੁਹਾਰੇ ਫੁਰਕਣ ਲਗ ਪੈਂਦੇ ਹਨ।

ਇਹ ਅਮਿਓ-ਰਸਾਇਣੀ ਰਸ ਅਤੀਅੰਤ ਹੀ ਅਜਰ ਵਸਤੂ ਹੈ। ਗੁਰ ਪ੍ਰਸਾਦ ਕਰਿ ਹੀ ਜਰਿਆ ਜਾ ਸਕਦਾ ਹੈ। ਅਰਦਾਸ ਰੂਪ ਅਭਿਆਸ (ਜੈਸਾ ਉਪਰਿ ਵਰਨਣ ਹੋਇਆ ਹੈ) ਇਸ ਅਜਰ ਪਦ ਨੂੰ ਜਰਾਉਣ ਲਈ ਬੜਾ ਹੀ ਸਹਾਈ ਹੁੰਦਾ ਹੈ। ਜੋ ਜਰ ਨਹੀਂ ਸਕਦੇ, ਉਹ ਭੁੜਕ ਕੇ ਉਠਦੇ ਹਨ। ਜਰਨ ਵਾਲਿਆਂ ਦੀ ਭੀ ਨਿਝਰ ਝਰਨ ਬਿਰਤੀ ਇਕ ਬਿਸਮ-ਅਨੰਦੀ ਹੁਲਾਰੇ ਦੀ ਅਕਥਨੀਯ ਮੌਜ ਵਿਚਿ ਹਾਲ ਖੇਡਣ ਲੱਗ ਪੈਂਦੀ ਹੈ। ਸਰੀਰ ਭੀ ਵਜਦ ਵਿਚਿ ਆ ਕੇ ਝੂਲਣ ਮੇਹਲਣ ਲੱਗ ਪੈਂਦਾ ਹੈ, ਪਰ ਸਹਜ ਕਲਾ ਵਿਚਿ। ਇਸ ਵਜਦ-ਹੁਲਾਰੜੀ ਖੇਡ ਵਿਚਿ ਅੰਤ੍ਰੀਵੀ ਅਮਿਓ ਰਸ ਰਸਾਇਣ ਸੇਤੀ ਸਰਸ਼ਾਰ ਹੋ ਕੇ ਅਤੇ ਬਿਹਬਲ ਹੋ ਕੇ ਅਭਿਆਸੀ ਜਨ ਸ਼ਬਦ ਅਭਿਆਸ ਤ੍ਰੁੰਗੀ ਫੁਰਾਟੇ ਵੀ ਮਾਰਨ ਲਗ ਪੈਂਦਾ ਹੈ। ਇਨ੍ਹਾਂ ਫੁਰਾਟਿਆਂ ਸੁਰਾਟਿਆਂ ਗੁਰਾਟਿਆਂ ਦੇ ਗਰਜਾਉਣ ਵਿਚਿ ਹੋਰ ਭੀ ਅਦਭੁਤ ਆਨੰਦ ਆਉਂਦਾ ਹੈ। ਜਿਨ੍ਹਾਂ ਉਤੇ ਇਹ ਦਸ਼ਾ ਵਾਪਰੀ ਹੋਵੇ, ਸੋਈ ਜਾਨਣ ਇਸ ਰਸ-ਅਨੰਦੀ ਖਡ ਨੂੰ, ਨਹੀਂ ਤਾਂ ਆਮ ਲੋਕ ਆਪੋ ਆਪਣੀ ਮਤਿ ਕੁਮਤਿ ਅਨੁਸਾਰ ਰਸ-ਫੁਰਾਟੀਆਂ, ਰਸ-ਰਸਾਟੀਆਂ, ਰਸ-ਝਰਨਾਟੀਆਂ, ਰਸ ਸੁਰਤਾਟੀਆਂ, ਰਸ-ਗੁਰਾਟੀਆਂ, ਰਸ-ਗਜਰਾਟ੍ਰੀਆਂ ਦੀ ਇਸ ਅਨੂਪਮ ਅਤੇ ਅਲੌਕਿਕ ਖੇਡ (ਦਸ਼ਾ) ਨੂੰ ਦੇਖ ਕੇ ਮਖ਼ੌਲ ਉਡਾਉਣ ਲਗ ਪੈਂਦੇ ਹਨ। ਪਏ ਉਡਾਉਣ!

ਹਰਿ ਕੇ ਲੋਗ ਰਾਮ ਜਨ ਨੀਕੇ ਭਾਗ ਹੀਣ ਨ ਸੁਖਾਇ ॥
ਜਿਉ ਜਿਉ ਰਾਮੁ ਕਹਹਿ ਜਨ ਊਚੇ ਨਰ ਨਿੰਦਕ ਡੰਸੁ ਲਗਾਇ ॥੩॥੨॥

ਰਾਮਕਲੀ ਮ: ੪, ਪੰਨਾ ੮੮੧

ਭਾਗਹੀਣਾਂ ਦੇ ਵਸਿ ਭੀ ਕੀ ਹੈ! ਉਹਨਾਂ ਨੂੰ ਏਸ ਅਧਿਆਤਮ ਖੇਡ ਦਾ ਪਤਾ ਹੀ ਨਹੀਂ। ਤਾਂ ਹੀ ਤਾਂ ਓਹਨਾਂ ਨੂੰ ਵਜਦ-ਆਨੰਦੀ ਕੇਲ ਕਰੰਤੇ ਹੰਸ ਜਨ ਭਾਂਵਦੇ ਨਹੀਂ। ਸਤਿਗੁਰੂ ਉਹਨਾਂ ਨੂੰ ਸੁਮਤਿ ਬਖ਼ਸ਼ੇ। ਸ਼ਬਦ-ਅਭਿਆਸੀਆਂ ਦੇ ਅਭਿਆਸ ਬਿਲੋਵਨ ਨੂੰ ਹੌਂਕਣੀਆਂ ਧੌਂਕਣੀਆਂ ਦਸਣ ਵਾਲੇ ਅਨਿਕ ਪ੍ਰਕਾਰ ਕਰਿ ਨਿੰਦਣ ਵਾਲੇ, ਕਦੇ ਵਕਤ ਆਵੇਗਾ, ਏਸੇ ਨੱਕੇ ਥਾਣੀ ਲੰਘਣਗੇ ਅਤੇ ਪਛੁਤਾਇ ਕੇ ਆਪਣੀਆਂ ਭੁਲਾਂ ਸਤਿਗੁਰੂ ਪਾਸੋਂ ਬਖ਼ਸ਼ਾਉਣੇ ਤੇ, ਰਾਹੇ-ਰਾਸਤ ਪਰ ਆਉਣਗੇ ਅਤੇ ਪਰਮਾਤਮਾ ਦੀ ਉਪਰ ਦਸੀ ਅਧਿਆਤਮ ਪੂਜਾ ਦੇ ਮਾਰਗ ਤੇ ਚਲਣ ਵਾਲੇ ਬਣਨਗੇ।

['ਗੁਰਮਤਿ ਕਰਮ ਫ਼ਿਲਾਸਫ਼ੀ' ਪੁਸਤਕ ਵਿਚੋਂ

www.AKJ.Org

* ਰਾਮਕਲੀ ਮ: ੧, ਸਿਧ ਗੋਸਟਿ, ॥੪੪॥ ਪੰਨਾ ੯੪੩

# ਨਵੀਂ ਜ਼ਿੰਦਗੀ

[ਪ੍ਰਿੰਸੀਪਲ ਸੱਜਣ ਸਿੰਘ ਜੀ, 613, ਗੋਬਿੰਦਪੁਰੀ, ਨਵੀਂ ਦਿੱਲੀ-19]

ਅਕਾਲ ਪੁਰਖ ਨੇ ਮਨੁੱਖਾ ਦੇਹੀ ਨੂੰ ਸਿਕਦਾਰੀ ਬਖ਼ਸ਼ ਕੇ ਤੇ ਅਵਰਿ ਜੋਨਿ ਨੂੰ ਪਨਿਹਾਰੀ ਬਣਾ ਕੇ ਮਹਾਨ ਜ਼ਿੰਮੇਵਾਰੀ ਸੌਂਪੀ ਹੈ। ਇਸ ਦੀ ਚੇਤੰਨਤਾ, ਬੁੱਧੀ ਤੇ ਸਰੀਰਕ ਬਣਤਰ ਦੀ ਘਾੜਤ, ਵਿਸ਼ੇਸ਼ ਮਕਸਦ ਬਿਨਾਂ ਨਹੀਂ ਘੜੀ ਗਈ। ਜੇ ਇਹ ਆਪਣਾ ਜੀਵਨ ਪਸ਼ੂਆਂ ਵਾਂਗ ਹੀ ਉਦਰ-ਪੂਰਤੀ, ਹੱਸਣ-ਰੋਵਣ, ਜਾਗਣ-ਸੌਣ ਵਿਚ ਹੀ ਅਕਾਰਥ ਗਵਾ ਲਏ ਤਾਂ ਇਸ ਦੇ ਜੀਵਨ ਤੇ ਪਸ਼ੂਆਂ ਦੇ ਜੀਵਨ ਵਿਚ ਕੀ ਫ਼ਰਕ ਹੈ। ਪਰ ਨਹੀਂ, ਦਾਤਾਰ ਪਿਤਾ ਨੇ ਇਨਸਾਨ ਨੂੰ ਜਿਸ ਤਰ੍ਹਾਂ ਦੇ ਹੱਥ, ਪੈਰ, ਰਸਨਾ, ਕੰਨ ਤੇ ਬੋਧਿਕ ਸ਼ਕਤੀ ਦਾ ਵਰਦਾਨ ਦਿੱਤਾ ਹੈ, ਉਹ ਪਸ਼ੂਆਂ, ਪੰਛੀਆਂ ਦੇ ਨਸੀਬ ਵਿਚ ਨਹੀਂ।

ਪ੍ਰਭੂ ਤੋਂ ਵਿਛੜੇ ਤੇ ਸੰਸਾਰਕ ਜਿੱਲ੍ਹਣ ਵਿਚ ਫੱਸੇ ਜੀਵ-ਆਤਮਾ ਦੀ ਅਲਪ ਦ੍ਰਿਸ਼ਟੀ ਸੀਮਤ ਹੋਣ ਕਰਕੇ ਅਧੂਰੀ ਹੈ। ਹਰੇਕ ਜੀਵ ਦੀ ਦ੍ਰਿਸ਼ਟੀ ਦੀ ਆਪਣੀ ਵੱਖਰੀ ਹੱਦ ਹੈ, ਜਿਸ ਤੋਂ ਅੱਗੇ ਉਸ ਨੂੰ ਕੁਝ ਵੀ ਨਜ਼ਰ ਨਹੀਂ ਆਉਂਦਾ। ਅਜਿਹੀ ਲੰਮੀ ਨਦਰਿ ਦੀ ਘਾਟ ਨੂੰ ਅਗਿਆਨਤਾ ਵੀ ਕਹਿਆ ਜਾ ਸਕਦਾ ਹੈ। ਇਨ੍ਹਾਂ ਜੀਵਾਂ ਦੀ ਇਕ ਪਛਾਣ ਇਹ ਹੈ ਕਿ ਉਹ ਸੁਆਸਾਂ ਦੀ ਗਤੀ ਨੂੰ ਹੀ ਜੀਵਨ ਸਮਝਦੇ ਹਨ; ਸਾਹ ਲੈਣ ਵਾਲੇ ਪਸ਼ੂ ਪੰਖੀ, ਕੀੜੇ ਮਕੌੜੇ ਹੋਣ ਜਾਂ ਇਨਸਾਨੀ ਸਰੀਰ ਹੋਵੇ। ਇਸ ਗ਼ਲਤ ਭਾਵਨਾ ਦਾ ਸਿੱਟਾ ਗੰਭੀਰ ਤੇ ਨਿਰਾਸ਼ਾ-ਜਨਕ ਨਿਕਲਿਆ, ਕਿਉਂਕਿ ਕਿਸੇ ਨੇ ਵੀ ਆਪਣੇ ਆਪ ਨੂੰ ਪਸ਼ੂਆਂ ਦੇ ਸਤਹ ਤੋਂ ਉੱਪਰ ਉੱਠਣ ਲਈ ਨਾ ਸੋਚਿਆ, ਨਾ ਚਿਤਵਿਆ, ਨਾ ਕੋਈ ਠੋਸ ਉਪਰਾਲਾ ਕੀਤਾ। ਗੁਰਦੇਵ ਜੀ ਨੇ ਸਮੁੱਚੀ ਨਿੱਘਰੀ ਦਸ਼ਾ ਤੇ ਸਥਿਤੀ ਦਾ ਜਾਇਜ਼ਾ ਲੈ ਕੇ ਜੀਵਨ-ਦਾਨ ਦੇਣ ਦੇ ਮਨੋਰਥ ਦਾ ਸੰਕੇਤ ਵੀ ਦਿੱਤਾ ਤੇ ਅਮਲੀ ਜਾਮਾ ਵੀ ਪਹਿਨਾਇਆ। ਗੁਰ ਫੁਰਮਾਨ ਹੈ:

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥੨॥੫੪॥ (ਸੂਹੀ ਮ: ੫-੭੪੯)

ਸਦੀਆਂ ਦੇ ਲਿਤਾੜੇ ਭਾਰਤ-ਵਾਸੀ, ਚੌਰਾਸੀ ਦੇ ਚੱਕਰ ਵਿਚ ਫਾਥੇ ਵੀ ਆਪਣੇ ਆਪ ਨੂੰ ਜੀਊਂਦੇ ਸਮਝਦੇ ਸਨ। ਸਰੀਰਕ ਤੌਰ ਤੇ ਇਨ੍ਹਾਂ ਵਿਚ ਸਾਹ ਸੀ, ਪਰ ਸਾਹ-ਸੱਤ ਨਹੀਂ ਸੀ; ਜੋਤਿ ਸੀ, ਪਰ ਬੁੱਝੀ ਹੋਣ ਬਰਾਬਰ। ਵਿਰਲੇ ਗ਼ੈਰਤਮੰਦਾਂ ਨੂੰ ਜੇ ਕਿਤੇ ਥੋੜਾ ਬਹੁਤ ਅਹਿਸਾਸ ਸੀ ਤਾਂ ਉਹ ਨਿਰਬਲਤਾ ਅਤੇ ਲਾਚਾਰੀ ਦੀ ਤਹਿ ਹੇਠ ਦੱਬ ਕੇ ਰਹਿ ਗਿਆ। ਚਲਦਾ ਫਿਰਦਾ ਸਰੀਰ, ਆਪਣਾ ਹੁੰਦਿਆਂ ਵੀ ਪਰਾਇਆ ਸੀ। ਅਜੋਕੀ ਦਸ਼ਾ ਵਿਚ ਤੇ ਅਮਲੀ ਜੀਵਨ ਤੋਂ ਘੁੱਥ ਹੋਏ ਪ੍ਰਾਣੀਆਂ ਨੂੰ ਗੁਰਦੇਵ ਜੀ ਨੇ ਜੀਅ ਦਾਨ ਬਖ਼ਸ਼ਣ ਤੇ ਹਰਿ-ਨਾਮ ਨਾਲ ਜੋੜਨ ਦੇ ਪਰਉਪਕਾਰੀ ਕਾਰਜ ਦੀ ਅਰੰਭਤਾ ਕੀਤੀ।

ਰਾਜਸੀ ਗੁਲਾਮੀ, ਇਨਸਾਨ ਦੀ ਖ਼ੁਦਦਾਰੀ ਲਈ ਇੱਕ ਅਸਹਿ ਲਾਅਨਤ ਆਖੀ ਜਾਂਦੀ ਹੈ। ਇਸ ਦਾ ਪ੍ਰਭਾਵ ਜੀਵਨ ਦੇ ਹਰੇਕ ਪੱਖ ਤੇ ਪੈਣਾ ਕੁਦਰਤੀ ਹੈ। ਸਤਿਗੁਰੂ ਨਾਨਕ ਦੇਵ ਜੀ ਨੇ ਸੁਲਤਾਨਪੁਰ ਲੋਧੀ ਵਿਚ ਮੋਦੀਖ਼ਾਨੇ ਦੀ ਕਾਰ ਕਰਦਿਆਂ ਜਿਹੜਾ ਰਸੂਖ਼, ਸਤਿਕਾਰ ਤੇ ਨਾਮਣਾ ਖੱਟਿਆ, ਇਹ ਇੱਕ ਅਨੋਖੀ ਬੇਮਿਸਾਲ ਕਰਣੀ ਦਾ ਸਰੂਪ ਸੀ। ਆਮ ਜਨਤਾ ਦੀ ਹਾਲਤ, ਇਸ ਦੇ ਉਲਟ, ਬਹੁਤ ਤਰਸ-ਯੋਗ ਸੀ। ਇਸ ਦਾ ਕੀਮਤੀ ਸਰੀਰ, ਪਰਤੰਤਰ ਹੋਣ ਕਰਕੇ, ਕੌਡੀ ਦੇ ਭਾਅ ਵਿੱਕਦਾ ਸੀ। ਅਭਾਖਿਆ ਦਾ ਕੁੱਠਾ ਖਾਣਾ, ਤੁਰਕਾਂ ਪਠਾਣਾਂ ਦੇ ਰਸਮਾਂ-ਰਿਵਾਜਾਂ ਨੂੰ ਅਪਨਾਉਣਾ, ਉਨ੍ਹਾਂ ਦੀ ਪੋਸ਼ਾਕ ਗ੍ਰਹਿਣ ਕਰਨੀ, ਉਨ੍ਹਾਂ ਦੀ ਬੋਲੀ, ਲਿੱਪੀ, ਵਿਦਿਆ ਤੇ ਉਪਦੇਸ਼ ਸਿਖ ਕੇ ਦੀਨ ਮੁਹੰਮਦੀ ਪੁਸਤਕਾਂ ਦਾ ਮੁਤਾਲਿਆ ਕਰਨਾ, ਆਪਣੀਆਂ ਝੂਠੀਆਂ ਸਰਦਾਰੀਆਂ ਤੇ ਸਰਕਾਰੀ ਪਦਵੀਆਂ ਦਾ ਮਾਣ ਕਰਨਾ, ਪਰਾਏ ਵੱਸ ਪਏ ਗੁਲਾਮੀ ਜੀਵਨ ਦਾ ਪਰਤੱਖ ਦ੍ਰਿਸ਼ ਸੀ। ਖੱਤਰੀਆਂ ਦੇ ਫਰਜ਼ ਦੀ ਕੋਤਾਹੀ ਅਤੇ ਅਣਗਹਿਲੀ ਕਾਰਨ ਦੇਸ਼ ਭਰ ਵਿਚ, ਵਿਸ਼ੇਸ਼ ਤੌਰ ਤੇ ਧਰਮ-ਸਥਾਨਾਂ ਤੇ ਵਾਪਰ ਰਹੀ ਅਧੋਗਤੀ ਦਾ ਨਕਸ਼ਾ ਹਜ਼ੂਰ ਨੇ ਇਨ੍ਹਾਂ ਸ਼ਬਦਾਂ ਦੁਆਰਾ ਖਿੱਚਿਆ ਹੈ :—


www.AKJ.Org

ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ ॥
ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ ॥੩॥੮॥ (ਧਨਾਸਰੀ ਮ: ੧, ੬੬੩)

ਇਹ ਸੀ ਮੌਤ ਤੋਂ ਬਦ-ਤਰ, ਕਾਇਰਤਾ ਭਰਿਆ ਜੀਵਨ, ਜਿਹੜਾ ਆਤਮਕ ਖੇੜੇ ਤੋਂ ਖ਼ਾਲੀ, ਬੇਰਸਾ ਤੇ ਨਾਮ-ਰੱਤੇ ਵਿਗਾਸ ਤੋਂ ਸੁੰਨਾ ਸੀ। ਪਰਾਈ ਚਾਕਰੀ ਨੇ ਵੱਡਮੁੱਲੀ ਆਤਮਕ ਜਾਗੀਰ, ਅਣਖੀ ਜੀਵਨ ਦੀ ਰੂਹ—ਜ਼ਮੀਰ—ਨੂੰ ਬੇਹਿੱਸ, ਬੇਜਾਨ ਬਣਾ ਕੇ ਰੱਖ ਦਿੱਤਾ। ਹਜ਼ੂਰ ਨੇ ਇਸ ਦਾ ਹਵਾਲਾ ਇਨ੍ਹਾਂ ਸ਼ਬਦਾਂ ਦੁਆਰਾ ਦਿੱਤਾ ਹੈ—

ਚਾਕਰੀ ਵਿਡਾਣੀ ਖਰੀ ਦੁਖਾਲੀ ਆਪੁ ਵੇਚਿ ਧਰਮੁ ਗਵਾਏ ॥੩॥੫॥ (ਗਉੜੀ ਮਹਲਾ ੩—੨੪੬)

ਮੁਗਲ ਸਲਤਨਤ ਦੀ ਰਾਜਸੀ ਸ਼ਕਤੀ ਅਥਾਹ ਸੀ, ਇਸ ਦੇ ਦਬਦਬੇ ਦਾ ਪੂਰਾ ਪ੍ਰਭਾਵ ਸੀ। ਜ਼ੁਲਮ ਉਨ੍ਹਾਂ ਦਾ, ਮਨੋਰਥ ਨਹੀਂ, ਹਥਿਆਰ ਸੀ। ਕੁਝ ਦੇਸ਼-ਹਿਤੈਸ਼ੀਆਂ ਤੇ ਸਮਕਾਲੀ ਭਗਤਾਂ ਨੇ ਕਲਮ ਦੁਆਰਾ ਜਾਂ ਜ਼ਬਾਨ ਨਾਲ ਅੱਤਿਆਚਾਰ ਵਿਰੁੱਧ ਆਵਾਜ਼ ਉਠਾਈ, ਪਰ ਉਹ ਵਿਅਕਤੀਗਤ ਰੂਪ ਵਿੱਚ ਹੋਣ ਕਰਕੇ ਤੇ ਸੰਗਠਿਤ ਸ਼ਕਤੀ ਦੀ ਅਣਹੋਂਦ ਕਰਕੇ ਵੱਧ ਫੁੱਲ ਨਹੀਂ ਸਕੀ। ਇਸ ਕਾਰਨ ਸਮਾਜਕ ਬੇਇਨਸਾਫ਼ੀ ਨਿਰਦੈਤਾ ਤੇ ਮਜ਼ਹਬੀ ਜਨੂੰਨ ਦਾ ਵੇਗ ਠੱਲ੍ਹਿਆ ਨਹੀਂ।

ਮਹਾਂ ਬਲੀ, ਮਹਾਂ ਦਾਨੀ, ਸੱਤਿਗੁਰ ਜੀ, ਕਮਜ਼ੋਰ ਤੇ ਦਰਿੱਦਰੀ ਜੀਵਾਂ ਦੀਆਂ ਮੁਰਦਾ ਰਗਾਂ ਵਿੱਚ ਅਜਿਹਾ ਖ਼ੂਨ ਗਰਦਸ਼ ਵਿਚ ਲਿਆਉਣਾ ਚਾਹੁੰਦੇ ਸਨ, ਜਿਸ ਦੁਆਰਾ ਉਨ੍ਹਾਂ ਦਾ ਅੰਗ ਅੰਗ ਹਰਕਤ ਵਿਚ ਆ ਜਾਵੇ, ਮਨ ਚੜ੍ਹਦੀਆਂ ਕਲਾਂ ਵਿਚ ਵਿਚਰੇ, ਦਿਮਾਗ਼ ਰੌਸ਼ਨ ਹੋ ਜਾਵੇ ਤੇ ਜ਼ਮੀਰ ਸੁਤੰਤਰਤਾ ਦਾ ਰੂਪ ਧਾਰਨ ਕਰੇ। ਇਸ ਕਲਿਆਣਮਈ ਆਦਰਸ਼ ਨੂੰ ਕਰਣੀ ਦਾ ਰੂਪ ਦੇਣਾ ਅਸੰਭਵ ਤਾਂ ਨਹੀਂ, ਕਠਨ ਜ਼ਰੂਰ ਸੀ। ਸਾਲ ਨਹੀਂ, ਦਹਾਕੇ ਨਹੀਂ, ਸਦੀਆਂ ਦੀ ਖੁਸ਼ਕ ਗੁਲਾਮੀ ਤੇ ਠੰਢੀ ਵਿਚਾਰਧਾਰਾ ਦੁਆਰਾ ਜੰਮੇ ਹੋਏ ਖ਼ੂਨ ਨੂੰ ਗਰਮਾਉਣ ਲਈ ਅਤੇ ਅਗੰਮੀ ਕਲਾ ਵਰਤਾਉਣ ਲਈ ਸਤਿਗੁਰੂ ਜੀ ਨੂੰ ਦਸਾਂ ਜਾਮਿਆਂ ਵਿਚ ਰੂਪ ਬਦਲਾਉਣਾ ਪਿਆ।

ਨਿਰਾਰਥਕ ਜ਼ਿੰਦਗੀ ਬਤੀਤ ਕਰਦਾ, ਨਿਰਾਸ਼ਾ ਰੋਗੀ ਕਿਸ ਦੀ ਸ਼ਰਨ ਲਏ ? ਕਿਵੇਂ ਉਹ ਕਾਮਲ ਵੈਦ ਦੀ ਪਛਾਣ ਕਰੇ ਤੇ ਉਸ ਤੱਕ ਪਹੁੰਚੇ ? ਉਸ ਨੂੰ ਬਲ, ਹੌਂਸਲਾ ਤੇ ਨਵੇਂ ਨਰੋਏ ਉਤਸ਼ਾਹ ਦੀ ਲੋੜ ਸੀ, ਪਰ ਉਸ ਨੂੰ ਕੁੱਝ ਵੀ ਸੁੱਝਦਾ ਬੁੱਝਦਾ ਨਹੀਂ ਸੀ। ਇਹ ਤਾਂ ਸਤਿਗੁਰੂ ਨਾਨਕ ਦੇਵ ਜੀ ਦਾ ਦੈਵੀ ਪਰਉਪਕਾਰ ਸੀ ਕਿ ਉਨ੍ਹਾਂ ਨੇ ਤੇਤੀ ਕ੍ਰੋੜ ਦੇਵਤਿਆਂ ਦੀ ਪੂਜਾ ਤੋਂ ਖਿੰਡਰੀ ਹੋਈ ਸ਼ਕਤੀ ਨੂੰ ਬਹਾਲ ਕਰਕੇ ਇੱਕ ਥਾਂ ਇਕੱਠੀ ਕਰਨ ਲਈ, ਕੁਮਲਾਈਆਂ ਨਾੜਾਂ ਨੂੰ ਸੂਰਜੀਤ ਕਰਨ ਲਈ, ਕੇਵਲ ਇੱਕ ਦੀ ਪੂਜਾ ਦ੍ਰਿੜ੍ਹਾਉਣ ਲਈ 'ਹਰਿਨਾਮ' ਦੀ ਔਖਧੀ ਰੋਗੀਆਂ ਦੇ ਘਰਿ ਘਰਿ ਜਾਇ ਕੇ, ਉਨ੍ਹਾਂ ਦੇ ਮੁੱਖ ਵਿਚ ਪਾਈ।

ਸਭ ਤੋਂ ਵੱਡਾ ਡਰ ਮੌਤ ਦਾ ਹੁੰਦਾ ਹੈ। ਮੌਤ ਤੋਂ ਡਰਨ ਵਾਲਾ ਪ੍ਰਾਣੀ, ਆਪਣੀ ਜਾਨ ਬਚਾਉਣ ਲਈ, ਤਨ, ਮਨ, ਧਨ ਤੇ ਇੱਜ਼ਤ ਤੱਕ ਵੇਚਣ ਤੇ ਮਜਬੂਰ ਹੁੰਦਾ ਹੈ। ਇਉਂ ਮੌਤ ਦਾ ਭਉ ਸਭ ਗਿਰਾਵਟਾਂ ਦਾ ਮੂਲ ਹੈ। ਆਦਰਸ਼ਕ ਜੀਵਨ ਨਿਡਰਤਾ ਤੋਂ ਪ੍ਰਾਪਤ ਹੁੰਦਾ ਹੈ, ਪਰ ਫੋਕਟ ਗਿਆਨ, ਉਪਦੇਸ਼ ਤੇ ਕਥਨੀ ਦੁਆਰਾ ਡਰ ਤੋਂ ਛੁਟਕਾਰਾ ਨਹੀਂ ਹੋ ਸਕਦਾ। ਇਸ ਦਾ ਸਾਧਨ ਕੇਵਲ ਨਾਮ ਹੈ—

ਭੈ ਮਹਿ ਰਚਿਓ ਸਭੁ ਸੰਸਾਰਾ ॥ ਤਿਸੁ ਭਉ ਨਾਹੀ ਜਿਸੁ ਨਾਮੁ ਅਧਾਰਾ ॥੧॥੧੩੨॥
(ਗਉੜੀ ਮਹਲਾ ੫—੧੯੨)

ਪਰ ਦੇਵਤਿਆਂ ਦਾ ਅਰਾਧਨ ਜਾਂ ਕਾਚੇ ਗੁਰ ਤੋਂ ਲਿਆ ਨਾਮ ਭਉ ਕੱਟਣ ਲਈ ਸਮਰੱਥ ਨਹੀਂ। ਇਸ ਬ੍ਰਹਮੰਡ ਦਾ ਸਰਲ ਆਕਾਰ ਭੈ ਅੰਦਰ ਹੈ, ਰੋਗੀ ਹੈ। ਅਧਿਆਤਮਕ ਖੇਤਰ ਵਿਚ ਇਹ ਗੱਲ ਮੰਨਣ ਵਾਲੀ ਨਹੀਂ ਕਿ ਕੋਈ ਰੋਗੀ ਦੂਸਰੇ ਰੋਗੀ ਦਾ ਰੋਗ ਕੱਟ ਦੇਵੇ। ਨਿਰਭਉ ਕੇਵਲ ਆਪ ਪ੍ਰਭੂ ਹੈ ਅਤੇ ਜਿਸ ਨੇ 'ਨਿਰਭਉ' ਦਾ ਅੰਦਲ ਪਕੜ ਲਿਆ, ਉਹ ਵੀ ਨਿਰਭਉ ਹੋ ਗਿਆ—

ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ ਤਿਨ ਕਾ ਭਉ ਸਭੁ ਗਵਾਸੀ ॥੩॥੧॥
(ਆਸਾ ਮਹਲਾ ੪, ਪੰਨਾ ੧੧)

ਛੇਵੇਂ ਪਾਤਸ਼ਾਹ ਨੇ ਪਿਤਾ-ਗੁਰੂ ਦੀ ਮਹਾਨ ਸ਼ਹਾਦਤ ਬਾਅਦ ਜ਼ੁਲਮ ਦੇ ਟਾਕਰੇ ਲਈ ਗੁਰਸਿੱਖਾਂ ਦੇ ਹੱਥ ਤਲਵਾਰ ਫੜਾਈ, ਮੁਗ਼ਲ ਹਕੂਮਤ ਵਲੋਂ ਠੋਸੀਆਂ ਗਈਆਂ ਲੜਾਈਆਂ ਵਿਚ ਜਿੱਤਾਂ ਪ੍ਰਾਪਤ ਕੀਤੀਆਂ ਅਤੇ ਅਕਾਲ ਤਖਤ ਦੀ ਸਿਰਜਨਾ ਕੀਤੀ। ਗੁਰੂ ਘਰ ਤੇ ਮੁਗ਼ਲ ਹਕੂਮਤ ਦੇ ਸੰਘਰਸ਼ ਦਾ ਅੰਤ ਨਹੀਂ ਹੋਇਆ। ਉਹ ਸਮਾਂ ਵੀ ਆਣ ਪਹੁੰਚਿਆ ਕਿ ਇੱਕ ਇੱਕ ਗੁਰਸਿੱਖ ਨੂੰ ਸੰਤ ਸਿਪਾਹੀ ਬਣਾਉਣ ਦਾ ਮਹਾਨ ਕਾਰਜ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਅਕਾਲ ਪੁਰਖ ਵਲੋਂ ਸੌਂਪਿਆ ਗਿਆ।

ਦਸਮੇਸ਼ ਪਿਤਾ ਨੇ ਸ਼ਖ਼ਸੀ ਗੁਰਿਆਈ ਦਾ ਸਿਲਸਿਲਾ ਖ਼ਤਮ ਕਰਕੇ, ਪੰਜਾਂ ਪਿਆਰਿਆਂ ਨੂੰ 'ਨਾਮ' ਦੇਣ ਦਾ ਅਧਿਕਾਰ ਦੇਣਾ ਸੀ। ਆਪ ਨਾਮ ਦੀ ਅੰਮ੍ਰਿਤ-ਮਈ ਕਲਾ ਨੂੰ ਇਸ ਤਰ੍ਹਾਂ ਪ੍ਰਗਟਾਉਣਾ ਚਾਹੁੰਦੇ ਸਨ ਕਿ ਉਹ ਆਪਣੇ ਦੈਵੀ ਗੁਣਾਂ ਕਰਕੇ ਜੱਗ ਤੋਂ ਨਿਆਰਾ ਹੋਵੇ, ਚੜ੍ਹਦੀ ਕਲਾ ਦਾ ਪੁੰਜ, ਨਵਜੀਵਨ ਦਾ ਉਤਸ਼ਾਹੀ, ਸਾਹਸੀ ਜੋਸ਼ ਭਰਨ ਵਾਲਾ ਤੇ ਇਕੋ ਰੱਬੀ ਮਾਨਸ ਜਾਤਿ ਦਾ ਸਰਬ ਸਾਂਝਾ ਸਰੂਪ ਹੋਵੇ। ਇਸ ਸਰਬੋਤਮ ਆਦਰਸ਼ ਨੂੰ ਅਮਲੀ ਜਾਮਾ ਪਹਿਨਾਉਣ ਲਈ ਹਜ਼ੂਰ ਨੇ ਸੰਨ ੧੬੯੯ ਦੀ ਪਾਵਨ ਵੈਸਾਖੀ ਦੇ ਦਿਹਾੜੇ, ਦੇਸ ਪਰਦੇਸ ਦੇ ਗੁਰਸਿਖਾਂ ਨੂੰ ਵਿਸ਼ੇਸ਼ ਸੰਦੇਸ਼ ਦੁਆਰਾ ਅਨੰਦਪੁਰ ਆਉਣ ਦਾ ਸੱਦਾ ਦਿੱਤਾ।

ਆਪਣੇ ਮਿਥੇ ਪ੍ਰੋਗਰਾਮ ਅਨੁਸਾਰ ਸਵੇਰ ਦੇ ਲੱਗੇ ਦੀਵਾਨ ਵਿਚ ਗੁਰਦੇਵ ਜੀ ਨੇ ਇਸ ਤਰ੍ਹਾਂ ਦਾ ਉਪਦੇਸ਼ ਦਿੱਤਾ, "ਜੇ ਤੁਸੀਂ ਗ਼ੈਰਤ ਭਰਪੂਰ, ਚਿਰ-ਸਥਾਈ, ਸਦ ਜੀਵਨ ਚਾਹੁੰਦੇ ਹੋ ਤਾਂ ਪਹਿਲਾਂ ਸ਼ਬਦ ਦੁਆਰਾ ਮਰਨਾ ਪਵੇਗਾ, ਆਤਮ ਸਮਰਪਨ ਕਰਨਾ ਪਵੇਗਾ। ਇਉਂ ਤੁਹਾਨੂੰ ਕਾਲ ਪੋਹ ਨਹੀਂ ਸਕੇਗਾ ਤੇ ਤੁਹਾਨੂੰ ਅਮਰ ਪਦਵੀ ਪ੍ਰਾਪਤ ਹੋਵੇਗੀ–

ਸਬਦਿ ਮਰਹੁ ਫਿਰਿ ਜੀਵਹੁ ਸਦ ਹੀ ਤਾ ਫਿਰਿ ਮਰਣੁ ਨ ਹੋਈ ॥
ਅੰਮ੍ਰਿਤੁ ਨਾਮੁ ਸਦਾ ਮਨਿ ਮੀਠਾ ਸਬਦੇ ਪਾਵੈ ਕੋਈ ॥੩॥੧੧॥ (ਸੋਰਠਿ ਮਹਲਾ ੩–੬੦੪)

"ਗੁਰੂ ਨਾਨਕ ਦੇ ਘਰ ਕੋਈ ਮਰਦਾ ਨਹੀਂ, ਸਗੋਂ ਮੌਤ ਦੇ ਭੈ ਤੋਂ ਮੁਕਤ ਹੁੰਦਾ ਅਤੇ ਰੱਬੀ ਜੋਤਿ ਵਿਚ ਸਮਾਉਂਦਾ ਹੈ। ਇਉਂ ਮਰਨ ਵਾਲਾ ਫਿਰ ਦੂਜੀ ਵਾਰ ਨਹੀਂ ਮਰਦਾ–

ਸਬਦਿ ਮਰੈ ਸੋ ਮਰਿ ਰਹੈ ਫਿਰਿ ਮਰੈ ਨ ਦੂਜੀ ਵਾਰ ॥
ਸਬਦੈ ਹੀ ਤੇ ਪਾਈਐ ਹਰਿ ਨਾਮੇ ਲਗਾ ਪਿਆਰੁ ॥੭॥੮॥
(ਸਿਰੀ ਰਾਗ ਮਹਲਾ ੧, ਪੰਨਾ ੫੭-੫੮)

"ਪਰ ਇਹ ਪਦਵੀ ਸਤਿਗੁਰੂ ਦੇ ਬਖ਼ਸ਼ੇ ਸ਼ਬਦ ਤੋਂ ਪ੍ਰਾਪਤ ਹੁੰਦੀ ਹੈ। ਅੱਜ ਤੁਹਾਨੂੰ ਅਜਿਹਾ ਸ਼ਕਤੀ ਭਰਪੂਰ ਅੰਮ੍ਰਿਤ-ਨਾਮ-ਜਲ ਪਿਲਾਇਆ ਜਾਵੇਗਾ ਕਿ ਤੁਹਾਡੇ ਹਿਰਦੇ ਵਿਚ ਜੀਵਣ-ਮਰਣ ਦੀ ਸਮਾਨਤਾ ਉਪਜ ਕੇ ਦ੍ਰਿੜ੍ਹ ਹੋ ਜਾਵੇਗੀ। ਸੰਸਾਰੀ ਜੀਵਨ ਦੀ ਲਾਲਸਾ ਤੇ ਮੌਤ ਦਾ ਡਰ ਦੋਨੋਂ ਪਰ ਲਾ ਕੇ ਨੱਸ ਜਾਣਗੇ। ਅਕਾਲ ਪੁਰਖ ਦੁਆਰਾ ਬਖ਼ਸ਼ਿਆ ਅਦੁੱਤੀ ਅੰਮ੍ਰਿਤ ਵੀਹ ਵਿਸਵੇ ਕਲਾ ਵਰਤਾਏਗਾ। ਜਿਹੜਾ ਇਹ ਛਾਂਦਾ ਛਕੇਗਾ, ਮੌਤ ਉਸ ਦੇ ਚਰਨ ਚੁੰਮੇਗੀ ਤੇ ਆਗਿਆਕਾਰੀ ਬਣ ਕੇ ਵਿਚਰੇਗੀ। ਪਰ ਇਹ ਮੁਫ਼ਤ ਵਿਚ ਨਹੀਂ ਮਿਲਦਾ। ਆਪਣੇ ਜੀਵਨ ਦੀਆਂ ਆਸਾਂ ਤਿਆਗ ਕੇ, ਜੀਵਨ ਤੋਂ ਨਿਰਮੋਹ ਹੋ ਕੇ, ਮਨ ਸੌਂਪ ਕੇ, ਸਿਰ ਵਾਰ ਕੇ, ਗੁਰ ਨਾਨਕ ਜੀ ਦੇ ਢੱਠਣਾ, ਇਹ ਇੱਕ ਮੁੱਲ ਹੈ, ਇਕ ਸ਼ਰਤ ਹੈ।

ਪਹਿਲਾ ਮਰਣੁ ਕਬੂਲਿ, ਜੀਵਣ ਕੀ ਛਡਿ ਆਸ ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥੧॥੨੩॥ (ਸਲੋਕ ਮ: ੫–੧੧੦੨)

"ਇਹ ਦੁਨੀਆਵੀ ਵਪਾਰ ਨਹੀਂ ਜਿਥੇ ਰੁਪਏ ਪੈਸੇ ਪਰਧਾਨ ਹਨ। ਇਥੇ ਕੇਵਲ ਪ੍ਰੇਮ ਦਾ ਸੌਦਾ ਹੈ। ਪ੍ਰੇਮ ਕੰਚਨ ਵੱਟੇ ਨਹੀਂ, ਤੁੱਲਿਆ ਜਾਂਦਾ। ਇਹ ਸਭ ਤੋਂ ਪਿਆਰੀ ਵਸਤੂ ਮੰਗਦਾ ਹੈ। ਤਨ, ਮਨ, ਧਨ ਸਭ ਕੁਝ ਸੌਂਪ ਕੇ ਇਹ ਪ੍ਰੀਤਿ ਨਿਭਾਉਣੀ ਹੈ।

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥


www.AKJ.Org

ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ" ॥੨੦॥ (ਸਲੋਕ ਮ: ੧—੧੪੧੨)

ਸਾਰੇ ਇਤਿਹਾਸਕਾਰ ਸਹਿਮਤ ਹਨ ਕਿ ਪੰਜਾਂ ਪਿਆਰਿਆਂ ਦੇ ਇਲਾਵਾ ਕਈ ਹਜ਼ਾਰ ਪ੍ਰਾਣੀਆਂ ਨੇ ਖੰਡੇ ਬਾਟੇ ਦਾਂ ਅੰਮ੍ਰਿਤ ਪਾਨ ਕੀਤਾ ਅਤੇ ਪੁਰਾਣੀ ਜ਼ਿੰਦਗੀ ਨੂੰ ਬਦਲ ,ਕੇ ਨਵੀਂ ਜ਼ਿੰਦਗੀ ਗ੍ਰਹਿਣ ਕੀਤੀ। ਅਮਲੀ ਰੂਪ ਵਿਚ ਇਸ ਦਾ ਭਾਵ, ਬਹੁਤ ਸਰਲ ਤੇ ਸੁੰਦਰ ਹੈ ਅਤੇ ਸਾਧਾਰਨ ਜੀਵਾਂ ਦੀ ਸਮਝ ਤੋਂ ਪਰੇ ਨਹੀਂ।

ਪਹਿਲੀ ਜ਼ਿੰਦਗੀ ਦੇ ਤਿਆਗ ਕਰਨ ਤੇ ਨਵੀਂ ਜ਼ਿੰਦਗੀ ਪ੍ਰਾਪਤ ਕਰਨ ਦਾ ਇਕੋ ਇੱਕ ਸਾਧਨ ਹੈ—ਖੰਡੇ ਬਾਟੇ ਦਾ ਅੰਮ੍ਰਿਤ ਪਾਨ ਕਰਨਾ। ਸਤਿਗੁਰੂ ਦੀ ਰਹਿਮਤ ਸਦਕੇ ਸਦਾਚਾਰਕ ਤੇਂ ਅਧਿਆਤਮਕ ਪੱਖੋਂ ਇਹ ਸੰਪੂਰਨ ਤੇ ਅਤੀ ਸਰੇਸ਼ਟ ਹੈ। ਨਵ-ਜੀਵਤ ਪ੍ਰਾਣੀ, ਜ਼ਾਤਿ, ਗੋਤ ਦੀ ਭਾਵਨਾ ਰਹਿਤ ਨਵੇਂ ਸੰਬੰਧੀਆਂ ਨਾਲ ਨਾਤਾ ਜੋੜਦਾ ਹੈ। ਪਹਿਲੇ ਭੈਣ, ਭਰਾ ਤੇ ਮਿੱਤਰ-ਸਖਾ ਸਭ ਸੰਸਾਰਕ ਰਿਸ਼ਤੇਦਾਰੀ ਤੱਕ ਮਹਿਦੂਦ ਹਨ। ਗੁਰਸਿੱਖ ਸਖੀ ਸਹੇਲੜੀਆਂ ਦੇ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਮਾਤਾ ਸਾਹਿਬ ਕੌਰ ਜੀ ਹਨ। ਸਭਨਾਂ ਦੀ ਜਨਮ-ਭੂਮੀ ਅਨੰਦਪੁਰ ਸਾਹਿਬ ਹੈ, ਜਿਥੇ ਸਭ ਸ਼ਕਤੀਆਂ ਦਾ ਕੇਂਦਰ ਸਥਾਪਿਤ ਕੀਤਾ ਗਿਆ ਹੈ। ਉਤਸ਼ਾਹ ਤੇ ਪ੍ਰੇਰਨਾ ਦਾ ਸੋਮਾ ਨਵਾਂ ਭਾਈਚਾਰਾ ਗੁਰ ਸੰਗਤ ਹੈ।

ਨਵੇਂ ਰਹਿਣ ਸਹਿਣ ਦੀ 'ਨੀਂਹ' ਉਦਮ, ਪਰਉਪਕਾਰ ਤੇ ਸੇਵਾ ਉਤੇ ਉਸਰੀ ਹੋਈ ਹੈ। ਨਿਰਾਸ਼ਾਵਾਦ, ਆਲਸ ਅਤੇ ਇਨ੍ਹਾਂ ਤੋਂ ਉਪਜੇ ਦਰਿੱਦਰ, ਈਰਖਾ ਤੇ ਆਤਮ-ਹੀਣਤਾ ਦੇ ਰੋਗਾਂ ਦਾ ਏਥੇ ਕੋਈ ਟਿਕਾਣਾ ਨਹੀਂ। ਅੰਮ੍ਰਿਤ ਵੇਲੇ ਦੀ ਸੰਭਾਲ, ਸਹਜ ਅਵਸਥਾ ਤੇ ਉਚ-ਆਚਰਨ ਦੇ ਗੁਣ ਵਿਰਾਸਤ ਵਿਚ ਮਿਲਦੇ ਹਨ।

ਖਾਲਸੇ ਦਾ ਵਾਤਾਵਰਨ ਨਿਆਰਾ, ਨਰੋਆ ਤੇ ਨਿਰਮਲ ਹੈ। ਸਰੀਰ ਨੂੰ ਰੋਗੀ ਬਨਾਉਣ ਤੇ ਮਨ ਵਿੱਚ ਵਿਕਾਰ ਉਪਜਾਉਣ ਵਾਲੇ ਪਦਾਰਥਾਂ ਦਾ ਸੇਵਨ ਅਤੇ ਨਸ਼ਿਆਂ ਦੀ ਵਰਤੋਂ ਦੀ ਖ਼ਾਸ ਮਨਾਹੀ ਹੈ। ਏਥੇ ਪੁਜ ਕੇ ਕੋਈ ਵੀ ਪ੍ਰਾਣੀ ਖਾਣ ਲਈ ਨਹੀਂ ਜੀਉਂਦਾ, ਸਗੋਂ ਜੀਉਣ ਲਈ ਖਾਂਦਾ ਹੈ। ਹਰਿ-ਨਾਮ-ਅੰਮ੍ਰਿਤ-ਰਸ ਦਾ ਸੁਆਦ ਚੱਖਣ ਵਾਲੇ ਰਸੀਆਂ ਦੀ ਰੁੱਚੀ ਸਹਜ ਸੁਭਾਇ ਹੀ ਮੁਰਦਾਰ ਜੈਸੀ ਵਰਜਿਤ ਖ਼ੁਰਾਕ ਤੋਂ ਨਿਰਲੇਪ ਰਹਿ ਕੇ ਸਾਤਵਕ ਭੋਜਨ ਤਕ ਸੀਮਤ ਹੋ ਜਾਂਦੀ ਹੈ।

ਕਲਗੀਧਰ ਪਾਤਸ਼ਾਹ ਦਾ ਆਪਣਾ ਖ਼ਾਸ਼ ਰੂਪ, ਖਾਲਸਾ 'ਸਾਬਤ ਸੂਰਤਿ ਦਸਤਾਰ ਸਿਰਾ' ਦੇ ਏਕੀਕਰਣ ਦਾ ਸੁੰਦਰ ਨਮੂਨਾ ਹੈ। ਇਹ ਸਿੱਖ ਧਰਮ ਦੀ ਖ਼ਾਸੀਅਤ ਹੈ। ਪਹਿਰਾਵੇ ਦੀ ਸਾਦਗੀ, ਇਸ ਨੂੰ ਬਜ਼ੁਰਗੀ ਦਾ ਰੁਤਬਾ ਪਰਦਾਨ ਕਰਦੀ ਹੈ। ਦੁੱਖ-ਮੁਸੀਬਤ ਵਿੱਚ ਕਿਸੇ ਅੱਗੇ ਹੱਥ ਨਹੀਂ ਅੱਡਦਾ, ਸਗੋਂ ਇਹ ਧਰਮ ਦੀ ਕਿਰਤ ਕਰਦਾ ਦੂਜਿਆਂ ਨਾਲ ਵੰਡ ਕੇ ਆਪ ਛਕਦਾ ਹੈ। ਇਹ ਸਵੈਮਾਨ ਦਾ ਪੁਤਲਾ ਹੈ। ਗੁਰੂ ਕਲਗੀਧਰ ਦਾ ਸਪੁੱਤਰ ਹੋਣ ਕਰਕੇ ਇਸ ਉਤੇ ਬਹੁਤ ਵੱਡੀ ਜ਼ਿੰਮੇਵਾਰੀ ਆ ਪੈਂਦੀ ਹੈ ਕਿ ਇਹ ਸਤਿਗੁਰੂ ਦੀ ਵਡਿਆਈ ਨੂੰ ਪ੍ਰਗਟਾਏ ਤੇ ਕਾਇਮ ਰੱਖੇ। ਸੰਤ ਸਿਪਾਹੀ ਬਣ ਕੇ ਆਦਰਸ਼ਕ ਜੀਵਨ ਬਿਤਾਉਣਾ ਇਸ ਦਾ ਪਰਮ ਧਰਮ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੱਦੀ-ਨਸ਼ੀਨੀ ਉਪਰੰਤ ਖਾਲਸੇ ਨੇ ਸ਼ਬਦ ਗੁਰੂ ਦੀ ਅਗਵਾਈ ਹੇਠ, ਥੋੜੀ ਗਿਣਤੀ ਵਿਚ ਹੁੰਦਿਆਂ ਵੀ ਮੁਗਲ ਹਕੂਮਤ ਨੂੰ ਅਮਨ ਚੈਨ ਨਾਲ ਬੈਠਣ ਨਹੀਂ ਦਿੱਤਾ। ਆਪਾ ਵਾਰਨ ਤੇ ਜੰਗ ਵਿੱਚ ਜੂਝਣ ਵਾਲੇ ਮਰਜੀਵੜੇ ਗੁਰਸਿੱਖਾਂ ਦੇ ਜੰਗੀ ਹੁਨਰ ਦਾ ਕਮਾਲ ਤੱਕ ਕੇ ਮੁਤਸੱਬੀ ਮੁਗਲ ਲਿਖਾਰੀ ਵੀ ਯਥਾਰਥ ਘਟਨਾਵਾਂ ਦਾ ਬਿਆਨ ਕੀਤੇ ਬਿਨਾਂ ਨਹੀਂ ਰਹਿ ਸਕੇ। ਉਨ੍ਹਾਂ ਆਖਿਆ ਕਿ ਅਸੀਂ ਸਿੱਖਾਂ ਨੂੰ ਮਾਰਦੇ ਥੱਕ ਜਾਂਦੇ ਹਾਂ, ਪਰ ਇਨ੍ਹਾਂ ਦੀ ਹਿੰਮਤ ਤੇ ਦਲੇਰੀ ਵਿਚ ਕੋਈ ਫ਼ਰਕ ਨਹੀਂ ਪੈਂਦਾ। ਪਤਾ ਨਹੀਂ ਇਨ੍ਹਾਂ ਦੇ ਗੁਰੂ ਨੇ ਕਿਹੜਾ ਆਬੇ-ਹਯਾਤ ਪਿਲਾਇਆ ਹੈ ਕਿ ਹਿੰਦੂਆਂ ਦੀ ਸਿਸਕਦੀ ਜ਼ਿੰਦਗੀ ਵਿਚ ਨਵੀਂ ਰੂਹ ਦਾ ਪਰਵੇਸ਼ ਹੋਇਆ ਹੈ। ਇਸ ਦਾ ਢੁੱਕਵਾਂ ਤੇ ਸਹੀ ਉੱਤਰ ਸਤਿਗੁਰ ਦੀ ਆਪਣੀ ਬਾਣੀ ਹੈ, ਜਿਸ ਦੇ ਸੂਖਮ ਭਾਵ ਨੂੰ ਦਸਮੇਸ਼ ਪਿਤਾ ਨੇ ਸਹੀ ਅਰਥਾਂ ਵਿਚ ਕਮਾ ਕੇ ਦਿਖਾਇਆ ਹੈ—

ਗੁਰਿ ਅੰਮ੍ਰਿਤੁ ਹਰਿ ਮੁਖਿ ਚੋਇਆ ਮੇਰੀ ਜਿੰਦੁੜੀਏ
ਫਿਰਿ ਮਰਦਾ ਬਹੁੜਿ ਜੀਵਾਇਆ ਰਾਮ ॥ (ਬਿਹਾਗੜਾ ਮਹਲਾ ੪—੫੩੯)

ਮੁਸੀਬਤ ਸਮੇਂ ਖਾਲਸੇ ਦੀ ਚੜ੍ਹਦੀ ਕਲਾ–

# ਅੰਮ੍ਰਿਤ ਦੀ ਸ਼ਕਤੀ

[ਪ੍ਰਿੰਸੀਪਲ ਕੁਲਦੀਪ ਸਿੰਘ ਜੀ ਹਉਰਾ, 162, ਹਾਊਸਿੰਗ ਬੋਰਡ ਕਾਲੋਨੀ, ਅੰਮ੍ਰਿਤਸਰ]

ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖਸੀਅਤ ਬਹੁ-ਪਖੀ ਸੀ । ਆਪ ਲੋਕ-ਰਾਜ ਪ੍ਰੇਮੀ, ਮਹਾਨ ਕੌਮੀ ਉਸਰਈਏ, ਨੇਤੀ-ਵੇਤਾ, ਜਰਨੈਲ, ਕਵੀ, ਸੂਰਬੀਰ ਤੇ ਸਦਾ ਚੜ੍ਹਦੀ ਕਲਾ ਵਿਚ ਰਹਿਣ ਵਾਲੇ ਵਿਅਕਤੀ ਸਨ । ਆਪ ਜੀ ਨੇ ੧੬੯੯ ਦੀ ਵਿਸਾਖੀ ਦੇ ਮੌਕੇ ਤੇ ਖਾਲਸਾ ਸਾਜ ਕੇ ਮਹਾਨ ਕ੍ਰਾਂਤੀਕਾਰੀ ਕਰਮ ਕਰ ਵਿਖਾਇਆ । ਊਚ-ਨੀਚ ਦਾ ਭੇਦ-ਭਾਵ ਮਿਟਾ ਕੇ "ਸਰਬੱਤ ਦੇ ਭਲੇ" ਵਾਸਤੇ ਅਕਾਲ ਦਾ ਅਕਾਲੀ ਖਾਲਸਾ ਸਾਜ ਦਿਤਾ । ਅੰਮ੍ਰਿਤਧਾਰੀ ਖਾਲਸਾ ਨੇ ਭੂਤ ਕਾਲ ਵਿਚ ਖੰਡੇ ਦੀ ਪਾਹੁਲ ਪਾ ਕੇ ਜੋ ਤੇਗਾਂ ਮਾਰੀਆਂ, ਜੋ ਕੁਰਬਾਨੀਆਂ ਕੀਤੀਆਂ ਉਨ੍ਹਾਂ ਉਤੇ ਜਿਤਨਾ ਵੀ ਮਾਣ ਕੀਤਾ ਜਾਵੇ, ਠੀਕ ਹੈ ।

ਸਾਹਿਬੇ-ਹਰ-ਦੋ ਆਲਮ ਨੇ ਲਛਮਣ ਦਾਸ ਬੈਰਾਗੀ ਨੂੰ ਅੰਮ੍ਰਿਤ ਛਕਾ ਕੇ, ਆਪਣਾ ਥਾਪੜਾ ਦੇ ਕੇ "ਬੰਦਾ ਸਿੰਘ ਬਹਾਦਰ" ਦੇ ਰੂਪ ਵਿਚ ਦੱਖਣ ਵਿਚੋਂ ਪੰਜਾਬ ਵਲ ਭੇਜਿਆ ਤੇ ਉਸ ਵਰਿਆਮ ਯੋਧੇ ਤੇ ਸੂਰਮੇ ਨੇ ਆ ਕੇ ਸਿੱਖਾਂ ਨੂੰ ਜਥੇਬੰਦ ਕੀਤਾ ਤੇ ਜ਼ਾਲਮਾਂ ਨੂੰ ਉਹ ਕਰਾਰੇ ਹੱਥ ਵਿਖਾਏ ਕਿ ਉਹ ਤੋਬਾ ਤੋਬਾ ਕਰ ਉਠੇ । ਬੰਦਾ ਸਿੰਘ ਬਹਾਦਰ ਨੇ ਜਿਸ ਰਾਜ ਦੀ ਨੀਂਹ ਰੱਖੀ, ਪਿਛੋਂ ਉਸ ਉਤੇ ਨਵਾਬ ਕਪੂਰ ਸਿੰਘ, ਸ: ਜੱਸਾ ਸਿੰਘ ਆਹਲੂਵਾਲੀਆ ਤੇ ਹੋਰ ਸਿੱਖ ਸਰਦਾਰਾਂ ਨੇ ਅਜਿਹੀ ਉਸਾਰੀ ਕੀਤੀ ਕਿ ਸਿਖ ਮਿਸਲਾਂ ਤੋਂ ਪਿਛੋਂ ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਵਿਚ ਨਿਆਂ-ਭਰਪੂਰ ਰਾਜ ਦਾ ਮਹੱਲ ਖੜਾ ਕੀਤਾ । ਇਹ ਮਹੱਲ ਇਤਨਾ ਤਕੜਾ ਸਾਬਤ ਹੋਇਆ ਕਿ ਜਿਨ੍ਹਾਂ ਨੇ ਇਸ ਨਾਲ ਮੱਥਾ ਮਾਰਿਆ ਉਨ੍ਹਾਂ ਦਾ ਮੱਥਾ ਲਹੂ ਲੁਹਾਨ ਹੋ ਗਿਆ । ਜਿਹੜੇ ਹਮਲਾਆਵਰ ਭਾਰਤ ਤੇ ਹਮਲਾ ਕਰਦੇ ਸਮੇਂ, ਪਹਿਲੋਂ ਪੰਜਾਬ ਦੀ ਧਰਤੀ ਲਤਾੜਦੇ ਹੁੰਦੇ ਸਨ, ਜਦੋਂ ਉਹਨਾਂ ਦਾ ਵਾਹ ਸਿੰਘਾਂ ਨਾਲ ਪਿਆ ਤਾਂ ਇਧਰ ਆਉਣ ਤੋਂ ਪਹਿਲਾਂ ਉਹ ਕਈ ਵਾਰ ਸੋਚਦੇ ਤੇ ਹੌਲੀ ਹੌਲੀ ਇਧਰ ਆਉਣ ਤੋਂ ਬੰਦ ਹੋ ਗਏ । ਪਹਿਲੋਂ ਉਹ ਹਿੰਦੁਸਤਾਨ ਨੂੰ ਲੁੱਟ-ਪੁੱਟ ਕੇ, ਉਜਾੜ ਕੇ ਤੇ ਏਥੋਂ ਦੀ ਦੌਲਤ ਤੇ ਆਬਰੂ ਲੈ ਕੇ ਮੁੜਦੇ ਹੁੰਦੇ ਸਨ, ਪਰ ਸਿਖ ਮਹਾਰਾਜਾ ਰਣਜੀਤ ਸਿੰਘ ਨੇ ਉਹਨਾਂ ਨੂੰ ਅਜਿਹਾ ਸਬਕ ਸਿਖਾਇਆ ਕਿ ਅਵਲ ਤਾਂ ਉਹਨਾਂ ਮੁੜ ਇਸ ਪਾਸੇ ਮੂੰਹ ਹੀ ਨਾ ਕੀਤਾ ਤੇ ਜੇਕਰ ਆਏ ਵੀ ਤਾਂ ਹਿੰਗ-ਜੀਰਾ ਵੇਚਣ ਜਾਂ ਮਿਹਨਤ ਮਜ਼ਦੂਰੀ ਕਰਨ ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਪਿਛੋਂ ਦਾ ਸਮਾਂ ਖਾਲਸੇ ਲਈ ਬੜੀਆਂ ਕਰੜੀਆਂ ਘਾਲਨਾਵਾਂ ਦਾ ਸਮਾਂ ਸੀ, ਜਿਸ ਵਿਚ ਖਾਲਸੇ ਉਤੇ ਅਕਹਿ ਤੇ ਅਸਹਿ ਤੂਫ਼ਾਨ ਝੁਲੇ, ਪਰ ਖਾਲਸਾ ਆਪਣੇ ਗੁਰੂ ਦੀ ਅਪਾਰ ਕਿਰਪਾ ਸਦਕਾ ਇਨ੍ਹਾਂ ਤੂਫ਼ਾਨਾਂ ਵਿਚੋਂ ਇਸ ਤਰ੍ਹਾਂ ਸੁਰਖ਼ਰੂ ਹੋ ਕੇ ਨਿਤਰਿਆ ਕਿ ਵੇਖ ਕੇ ਦੁਨੀਆ ਦੰਗ ਰਹਿ ਗਈ । ਉਸ ਸਮੇਂ ਸਿੰਘਾਂ ਨੂੰ ਘਰ ਬਾਰ ਛੱਡਣੇ ਪਏ, ਜੰਗਲਾਂ ਤੇ ਪਹਾੜਾਂ ਅਤੇ ਮਾਰੂ-ਥਲਾਂ ਵਿਚ ਵਾਸਾ ਰੱਖਣਾ ਪਿਆ, ਭੁੱਖਾਂ ਤੇ ਪਿਆਸਾਂ ਸਹਿਣੀਆਂ ਪਈਆਂ, ਉਨ੍ਹਾਂ ਦੇ ਸਿਰਾਂ ਦੇ ਮੁੱਲ ਪਏ ਤੇ ਉਹ ਸੀਸ ਤਲੀ ਤੇ ਰੱਖ ਕੇ ਲੜੇ, ਪਰ ਉਹ ਡੋਲੇ ਨਹੀਂ, ਕਿਉਂਕਿ ਅੰਮ੍ਰਿਤ ਛਕਣ ਸਮੇਂ ਸਿਖ ਆਪਣਾ ਸਿਰ ਗੁਰੂ ਦੀ ਅਮਾਨਤ ਸਮਝਣ ਲੱਗ ਜਾਂਦਾ ਹੈ । ਇਹੋ ਹੀ ਕਾਰਨ ਸੀ ਕਿ ਭਾਵੇਂ ਸਿੰਘਾਂ ਨੂੰ ਚਰਖੜੀਆਂ ਤੇ ਚੜ੍ਹਨਾ ਪਿਆ, ਪੁੱਠੀਆਂ ਖੱਲਾਂ ਲੁਹਾਣੀਆਂ ਪਈਆਂ, ਖੋਪਰੀਆਂ ਉਤਰਵਾਣੀਆਂ ਪਈਆਂ, ਬੰਦ ਬੰਦ ਕਟਾਣੇ ਪਏ, ਪਰ ਉਹ ਚੜ੍ਹਦੀਆਂ ਕਲਾਂ ਵਿਚ ਰਹੇ ਤੇ ਉਹਨਾਂ ਨੇ ਸਿੱਖੀ ਸਿਦਕ ਕੇਸਾਂ-ਸੁਆਸਾਂ ਸੰਗ ਨਿਭਾਇਆ । ਇਹ ਉਹ ਕਹਾਣੀ ਹੈ ਜੋ ਪੜ੍ਹ ਸੁਣ ਕੇ ਰੌਂਗਟੇ ਖੜੇ ਹੋ ਜਾਂਦੇ ਹਨ । ਪਰ ਸਿੰਘਾਂ ਨੇ ਅੰਮ੍ਰਿਤ ਛਕਣ ਵੇਲੇ ਆਪਣੇ ਗੁਰੂ ਨਾਲ ਜੋ ਪ੍ਰਣ ਕੀਤਾ ਸੀ "ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ, ਹੁਕਮਿ ਮੰਨਿਐ ਪਾਈਐ" ਉਹ ਪੂਰਾ ਕਰਨ ਲਈ ਉਹ ਸਭ ਕੁਝ ਖੁਸ਼ੀ ਖੁਸ਼ੀ ਸਹਿ ਲੈਂਦੇ ਸਨ ।

ਬਾਬਾ ਬੰਦਾ ਸਿੰਘ ਬਹਾਦਰ ਇਕ ਦਲੇਰ ਤੇ ਸਿਆਣਾ ਆਗੂ ਸੀ, ਜਿਸ ਨੇ ਮੁਗਲ ਜ਼ਾਲਮਾਂ ਵਿਰੁਧ


www.AKJ.Org

ਅੰਦੋਲਨ ਜਥੇਬੰਦ ਕੀਤਾ ਤੇ ਧਰਮ-ਯੁਧ ਵਿਚ ਸਿੰਘਾਂ ਦੀ ਸੁਯੋਗ ਅਗਵਾਈ ਕੀਤੀ । ਸਾਹਿਬ ਦਸਮ ਪਾਤਸ਼ਾਹ ਨੇ ਉਸ ਨੂੰ ਇਸੇ ਲਈ ਪੰਜਾਬ ਭੇਜਿਆ ਸੀ ਕਿ ਉਹ ਦੱਬੇ ਤੇ ਸਹਿਮੇ ਹੋਏ ਲੋਕਾਂ ਨੂੰ ਉਭਾਰੇ ਤੇ ਸ਼ਕਤੀ ਦੇ ਨਸ਼ੇ ਵਿਚ ਚੂਰ ਸ਼ਾਸਕਾਂ ਨੂੰ ਸਬਕ ਸਿਖਾਏ । ਇਸ ਵਿਸ਼ੇਸ਼ ਕਾਰਜ ਨੂੰ ਸਿਰੇ ਚੜ੍ਹਾਉਣ ਲਈ ਨਰਮ ਨੀਤੀ ਨਹੀਂ ਸੀ ਅਪਣਾਈ ਜਾ ਸਕਦੀ । ਇਸ ਲਈ ਉਸ ਨੇ ਜਾਬਰਾਂ ਨੂੰ ਸੋਧਣ ਲਈ ਬੀਰ-ਰਸੀ ਰੰਗ ਧਾਰਿਆ । ਕੇਸਰੀ ਨਿਸ਼ਾਨ ਸਾਹਿਬ ਦੀ ਤਾਬਿਆ ਬਾਬਾ ਬੰਦਾ ਸਿੰਘ ਸਿੱਖਾਂ ਦਾ ਸੈਨਿਕ ਤੇ ਰਾਜਸੀ ਆਗੂ ਸੀ । ਡਾਕਟਰ ਗੰਡਾ ਸਿੰਘ ਨੇ ਲਿਖਿਆ ਹੈ :

"ਬੰਦਾ ਸਿੰਘ ਆਤਮ ਤਿਆਗ ਦਾ ਨਮੂਨਾ ਸੀ । ਉਸ ਦੀ ਸਦਾ ਹੀ ਇਹ ਇਛਾ ਰਹੀ ਸੀ ਕਿ ਉਹ ਲੋਕਾਂ ਨੂੰ ਜ਼ਾਲਮ ਮੁਗਲ ਸ਼ਾਸਨ ਦੇ ਪੰਜੇ ਤੋਂ ਛੁਟਕਾਰਾ ਦਿਵਾਏ । ਉਸ ਦਾ ਉਦੇਸ਼ ਪੰਥ ਨੂੰ ਚੜ੍ਹਦੀ ਕਲਾ ਵਿਚ ਲੈ ਜਾਣਾ ਸੀ । ਇਸ ਉਦੇਸ਼ ਦੀ ਪੂਰਤੀ ਲਈ ਉਹ ਸਦਾ ਹੀ ਯਤਨ-ਸ਼ੀਲ ਰਿਹਾ । ਅਸਲ ਵਿਚ ਬੰਦਾ ਸਿੰਘ ਬਹਾਦਰ ਦਾ ਨਿਸ਼ਾਨਾ ਦੇਸ਼ ਨੂੰ ਮੁਗਲਾਂ ਦੀ ਹਕੂਮਤ ਤੋਂ ਖਲਾਸੀ ਦਿਵਾਉਣਾ ਸੀ । ਉਸ ਨੇ ਹੱਸ ਹੱਸ ਕੇ ਆਪਣੀ ਜਾਨ ਤੁੜਵਾਈ, ਪਰ ਧਰਮ ਨਾ ਤਿਆਗਿਆ । ਗੁਰੂ ਗੋਬਿੰਦ ਸਿੰਘ ਜੀ ਨੇ ਉਸ ਦੇ ਅੰਦਰ ਮਰ ਚੁਕੀ ਸ਼ਕਤੀ ਮੁੜ ਸੁਰਜੀਤ ਕਰ ਦਿਤੀ ਸੀ ਤੇ ਆਪਣਾ ਥਾਪੜਾ ਤੇ ਪੰਜ ਤੀਰ ਅਤੇ ਪੰਜ ਅੰਮ੍ਰਿਤਧਾਰੀ ਸਿੰਘ ਪੰਜ ਪਿਆਰਿਆਂ ਦੀ ਹੈਸੀਅਤ ਵਿਚ ਉਸ ਨਾਲ ਤੋਰ ਕੇ ਉਸ ਦਾ ਮਨੋਬਲ ਇਤਨਾ ਉੱਚਾ ਕਰ ਦਿਤਾ ਸੀ ਕਿ ਭਾਵੇਂ ਉਸ ਦੀਆਂ ਅੱਖਾਂ ਗਰਮ ਸੀਖਾਂ ਨਾਲ ਵਿੰਨ੍ਹੀਆਂ ਗਈਆਂ, ਭਾਵੇਂ ਉਸ ਦੇ ਪੁੱਤਰ ਦਾ ਕਲੇਜਾ ਕੱਢ ਕੇ ਉਸ ਦੇ ਮੂੰਹ ਵਿਚ ਦਿਤਾ ਗਿਆ, ਭਾਵੇਂ ਜੰਬੂਰਾਂ ਨਾਲ ਉਸ ਦਾ ਮਾਸ ਨੋਚਿਆ ਗਿਆ, ਭਾਵੇਂ ਉਸ ਨੂੰ ਸ਼ਹੀਦ ਕਰਨ ਲੱਗਿਆਂ ਬੜੀ ਬੇਦਰਦੀ ਨਾਲ ਉਸ ਦੇ ਹੱਥ ਤੇ ਪੈਰ ਵੱਢ ਦਿਤੇ ਗਏ, ਪਰ ਉਹ ਸੂਰਮਾ ਜ਼ਰਾ ਨਾ ਡੋਲਿਆ, ਜ਼ਰਾ ਨਾ ਥਿੜਕਿਆ ਤੇ ਖੁਸ਼ੀ ਖੁਸ਼ੀ ਸ਼ਹੀਦੀ ਪਾ ਗਿਆ ।"

ਭਾਵੇਂ ਬੰਦਾ ਸਿੰਘ ਦਾ ਅੰਤ ਬੜਾ ਦਰਦਨਾਕ ਸੀ ਤੇ ਉਸ ਦੀ ਸ਼ਹਾਦਤ ਪਿਛੋਂ ਸਿੱਖਾਂ ਨੂੰ ਲੱਭ ਲੱਭ ਕੇ ਕਤਲ ਕੀਤਾ ਗਿਆ, ਪਰ ਉਹ ਪਹਿਲਾ ਗੁਰੂ ਕਾ ਅੰਮ੍ਰਿਤਧਾਰੀ ਸਿੱਖ ਸੀ, ਜਿਸ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਪਿਛੋਂ ਮੁਗਲ ਸਾਮਰਾਜ ਦੇ ਅਤਿਆਚਾਰਾਂ ਤੇ ਭਾਰੀ ਸੱਟ ਮਾਰੀ ਤੇ ਪੰਜਾਬ ਵਿਚ 'ਸਿੱਖ-ਰਾਜ' ਕਾਇਮ ਕਰਨ ਲਈ ਪਹਿਲੀ ਇੱਟ ਰਖੀ ।

ਬਾਬਾ ਬੰਦਾ ਸਿੰਘ ਪਾਸ ਭਾਵੇਂ ਮੁਗਲਾਂ ਦੇ ਟਾਕਰੇ ਲਈ ਸਾਧਨਾਂ ਦੀ ਘਾਟ ਸੀ, ਪਰ ਜੋ ਚੜ੍ਹਦੀ ਕਲਾ ਵਾਲੀ ਭਾਵਨਾ ਉਸ ਅੰਦਰ ਲੱਟ ਲੱਟ ਜਗ ਰਹੀ ਸੀ, ਉਸ ਨੇ ਉਸ ਨੂੰ ਮੁਗਲ ਸਾਮਰਾਜ ਦਾ ਟਾਕਰਾ ਕਰਨ ਲਈ ਉਤਸ਼ਾਹਿਤ ਰਖਿਆ ।

ਡਾਕਟਰ ਗੰਡਾ ਸਿੰਘ ਅਨੁਸਾਰ—"ਬੰਦਾ ਬਹਾਦਰ ਮੁਗਲਾਂ ਦੇ ਟਾਕਰੇ ਵਿਚ ਇਕੱਲਾ ਸੀ । ਪਹਾੜੀ ਰਾਜਿਆਂ ਨੇ ਬੰਦੇ ਦਾ ਸਾਥ ਦੇਣ ਦੀ ਥਾਂ ਉਸ ਦਾ ਡੱਟ ਕੇ ਵਿਰੋਧ ਕੀਤਾ ਤੇ ਮੁਗਲ ਫੌਜ ਦਾ ਸਾਥ ਦਿੱਤਾ । ਬੰਦਾ ਬੇਪ੍ਰਵਾਹੀ ਵਿਚ ਮੁਗਲਾਂ ਦੇ ਕਾਬੂ ਆ ਗਿਆ ਸੀ, ਕਿਉਂਕਿ ਉਹ ਦੁਨੀ ਚੰਦ ਦੀ ਇਕ ਸਾਧਾਰਨ ਹਵੇਲੀ ਵਿਚ ਘਿਰ ਗਿਆ ਸੀ । ਜੇਕਰ ਉਹ ਕਿਧਰੇ ਕਿਸੇ ਕਿਲ੍ਹੇ ਵਿਚ ਹੁੰਦਾ ਤਾਂ ਹੋ ਸਕਦਾ ਸੀ, ਉਹ ਮੁਗਲਾਂ ਦਾ ਡੱਟ ਕੇ ਟਾਕਰਾ ਕਰਦਾ ।"

ਇਹ ਠੀਕ ਹੈ ਕਿ ਬੰਦਾ ਸਿੰਘ ਪੱਕਾ ਸਿੱਖ-ਰਾਜ ਸਥਾਪਤ ਕਰਨ ਵਿਚ ਸਫਲ ਨਾ ਹੋ ਸਕਿਆ, ਪਰ ਆਜ਼ਾਦੀ ਦੀ ਜੋ ਸਪਿਰਟ ਉਸ ਨੇ ਸਿੰਘਾਂ ਅੰਦਰ ਪੈਦਾ ਕਰ ਦਿਤੀ ਸੀ ਉਹ ਕਾਇਮ ਰਹੀ ਤੇ ਕਾਇਮ ਰਖੀ ਜਾ ਸਕੀ ।

ਬਾਬਾ ਬੰਦਾ ਸਿੰਘ ਦੀ ਸ਼ਹਾਦਤ ਤੋਂ ਪਿਛੋਂ ਸਿੱਖ ਸ਼ਕਤੀ ਕਮਜ਼ੋਰ ਪੈ ਗਈ । ਫ਼ਰੁਖ਼ਸੀਅਰ ਨੇ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਦਾ ਫੈਸਲਾ ਕਰ ਲਿਆ । ਫੌਰਸਟਰ ਨੇ ਲਿਖਿਆ ਹੈ ਕਿ ਫ਼ਰੁਖਸੀਅਰ ਨੇ ਫੁਰਮਾਨ ਜਾਰੀ ਕੀਤਾ ਕਿ, "ਜਿਥੇ ਕਿਤੇ ਵੀ ਕੋਈ ਸਿੱਖ ਮਿਲੇ, ਜੇਕਰ ਉਹ ਮੁਸਲਮਾਨ ਬਣਨਾ ਮਨਜ਼ੂਰ ਨਾ ਕਰੇ, ਤਾਂ ਉਸ ਨੂੰ ਤਲਵਾਰ ਦੇ ਘਾਟ ਉਤਾਰ ਦਿੱਤਾ ਜਾਵੇ ।" ਪੰਜਾਬ ਦੇ ਗਵਰਨਰ ਅਬਦੁਲ ਸਮੱਦ ਖ਼ਾਂ ਨੇ ਇਸ ਹੁਕਮ ਦੀ ਪਾਲਣਾ ਕਰਦਿਆਂ ਮਾਝੇ ਦੇ ਇਲਾਕੇ ਵਿਚ ਖ਼ੂਨ ਦੀਆਂ ਨਦੀਆਂ ਵਗਾ ਦਿਤੀਆਂ । ਬਹੁਤ ਸਾਰੇ ਸਿੱਖ ਘਰ-ਬਾਰ ਛਡ ਕੇ


www.AKJ.Org

ਜੰਗਲਾਂ, ਪਹਾੜਾਂ ਤੇ ਮਾਰੂਥ-ਲਾਂ ਵਿਚ ਚਲੇ ਗਏ। ਇਹ ਉਹ ਸਮਾਂ ਸੀ ਜਦੋਂ ਮੁਸੀਬਤ-ਮਾਰੇ ਸਿੱਖਾਂ ਦਾ ਕੋਈ ਆਗੂ ਵੀ ਨਹੀਂ ਸੀ (ਜਿਸ ਤਰ੍ਹਾਂ ਅੱਜ ਕਲ੍ਹ ਵੀ ਨਹੀਂ) ਤੇ ਉਹ ਅੱਡ ਅੱਡ ਧੜ੍ਹਿਆਂ ਵਿਚ ਵੰਡੇ ਹੋਏ ਸਨ। ਫ਼ਰੁਖ਼ਸੀਅਰ ਦਾ ਸਖ਼ਤ ਫ਼ੁਰਮਾਨ ਸਿੱਖਾਂ ਨੂੰ ਪਿੰਡਾਂ-ਵਿਚੋਂ ਨਿਕਲ ਕੇ ਉਜਾੜਾਂ ਵਿਚ ਚਲੇ ਜਾਣ ਲਈ ਮਜਬੂਰ ਕਰਦਾ ਸੀ। ਸੋ ੧੭੧੭ ਤੋਂ ੧੭੨੦ ਤਕ ਦੇ ਸਮੇਂ ਵਿਚ ਸਿੱਖਾਂ ਦੀਆਂ ਕੁਝ ਵਿਸ਼ੇਸ਼ ਸਰਗਰਮੀਆਂ ਨਜ਼ਰ ਨਹੀਂ ਆਉਂਦੀਆਂ। ੧੭੧੯ ਵਿਚ ਫ਼ਰੁਖ਼ਸੀਅਰ ਦੀ ਮੌਤ ਹੋ ਗਈ ਤਾਂ ਸਹਿਜੇ ਸਹਿਜੇ ਸਿੱਖਾਂ ਨੇ ਉਜਾੜਾਂ ਵਿਚੋਂ ਨਿਕਲ ਕੇ ਆਬਾਦੀਆਂ ਵੱਲ ਆਉਣਾ ਸ਼ੁਰੂ ਕਰ ਦਿੱਤਾ।

੧੭੨੦ ਦੀ ਦੀਵਾਲੀ ਨੂੰ ਸਿੱਖਾਂ ਦੇ ਦੋਵੇਂ ਧੜੇ 'ਤੱਤ ਖ਼ਾਲਸਾ' ਤੇ 'ਬੰਦਈ ਖ਼ਾਲਸਾ' ਹਰਿਮੰਦਰ ਸਾਹਿਬ ਵਿਚ ਇਕੱਠੇ ਹੋਏ। ਦੋਵਾਂ ਧੜਿਆਂ ਦੇ ਮਤ-ਭੇਦ ਭਾਈ ਮਨੀ ਸਿੰਘ ਜੀ ਦੀ ਸਿਆਣਪ ਨਾਲ ਨਜਿੱਠੇ ਗਏ। ਭਾਈ ਸਾਹਿਬ ਉਦੋਂ ਸ੍ਰੀ ਹਰਿਮੰਦਰ ਸਾਹਿਬ ਦੇ ਮੁਖ-ਗ੍ਰੰਥੀ ਸਨ। ੧੭੨੧ ਨੂੰ ਵੀ ਵੈਸਾਖੀ ਦੇ ਮੌਕੇ ਤੇ ਦੋਹਾਂ ਧੜਿਆਂ ਵਿਚ ਹੁੰਦੀ ਲੜਾਈ ਭਾਈ ਸਾਹਿਬ ਦੀਆਂ ਕੋਸ਼ਿਸ਼ਾਂ ਸਦਕਾ ਰੁਕ ਗਈ, ਹੌਲੀ ਹੌਲੀ ਬੰਦਈ ਖ਼ਾਲਸਾ ਤੱਤ ਖ਼ਾਲਸੇ ਵਿਚ ਅਭੇਦ ਹੋ ਗਿਆ। ਧੀਰ ਮਲੀਏ, ਰਾਮ ਰਾਈਏ ਤੇ ਅਜੀਤ ਸਿੰਘੀਏ ਪਹਿਲੋਂ ਹੀ ਕਮਜ਼ੋਰ ਪੈ ਚੁਕੇ ਸਨ। ਹੰਦਾਲੀਏ ਕਦੇ ਬਹੁਤੇ ਸ਼ਕਤੀਸ਼ਾਲੀ ਹੋਏ ਹੀ ਨਹੀਂ ਸਨ। ੧੭੨੧ ਵਿਚ ਵੈਸਾਖੀ ਸਮੇਂ ਸਿੱਖਾਂ ਵਿਚ ਪੂਰਨ ਏਕਤਾ ਹੋ ਗਈ। ਏਕਤਾ ਨਾਲ ਸਿੰਘਾਂ ਵਿਚ ਸ੍ਵੈ-ਭਰੋਸਾ ਪੈਦਾ ਹੋ ਗਿਆ। ਉਨ੍ਹਾਂ ਨੇ ਫੇਰ ਤਲਵਾਰ ਦੇ ਜ਼ੋਰ ਆਪਣੇ ਹੱਕ ਪ੍ਰਾਪਤ ਕਰਨੇ ਤੇ ਜ਼ਾਲਮ ਸੋਧਣੇ ਸ਼ੁਰੂ ਕਰ ਦਿਤੇ। ਸਿੰਘਾਂ ਦੀਆਂ ਸਰਗਰਮੀਆਂ ਨੂੰ ਦਬਾਉਣ ਲਈ ਅਬਦੁਲ ਸਮੱਦ ਖ਼ਾਂ ਨੇ ਲਾਹੌਰ ਤੋਂ ਅਸਲਮ ਖ਼ਾਂ ਦੀ ਅਗਵਾਈ ਹੇਠ ਅੰਮ੍ਰਿਤਸਰ ਦਾ ਘੇਰਾ ਪਾਉਣ-ਤੇ ਸਿੰਘਾਂ ਨੂੰ ਕੁਚਲਣ ਲਈ ਫ਼ੌਜ ਭੇਜੀ। ਪੱਟੀ ਦਾ ਚੌਧਰੀ ਦੇਵ ਤੇ ਉਸ ਦਾ ਦੀਵਾਨ ਹਰਿ ਸਹਾਏ ਵੀ ਆਪਣੀ ਫ਼ੌਜ ਲੈ ਕੇ ਅਸਲਮ ਖ਼ਾਂ ਦੀ ਸਹਾਇਤਾ ਨੂੰ ਆਏ, ਪਰ ਉਨ੍ਹਾਂ ਨੂੰ ਲੱਕ-ਤੋੜਵੀਂ ਹਾਰ ਹੋਈ। ਇਸ ਘਟਨਾ ਬਾਰੇ ਇਕ ਲੋਕ-ਬੋਲੀ ਇਸ ਤਰ੍ਹਾਂ ਹੈ :

"ਹਰਸਾ ਮਾਰਿਆ ਦੇਵਾਂ ਨੱਠਿਆ, ਅਸਲਾਂ ਗਈ ਲਾਹੌਰ।"

ਅਬਦੁਲ ਸਮੱਦ ਦੀ ਇਸ ਨਾਕਾਮੀ ਤੋਂ ਦਿੱਲੀ ਦੀ ਮੁਗ਼ਲ ਸਰਕਾਰ ਨੇ ਉਸ ਨੂੰ ਮੁਲਤਾਨ ਬਦਲ ਦਿੱਤਾ ਤੇ ਉਸ ਦੇ ਪੁੱਤਰ ਖ਼ਾਨ ਬਹਾਦਰ ਜ਼ਕਰੀਆ ਖ਼ਾਨ ਨੂੰ ਲਾਹੌਰ ਦਾ ਸੂਬੇਦਾਰ ਬਣਾ ਦਿੱਤਾ। ਜ਼ਕਰੀਆ ਖ਼ਾਂ ਨੇ ਸੂਬੇਦਾਰ ਬਣਦਿਆਂ ਹੀ ਸਿੰਘਾਂ ਉਤੇ ਅਸਹਿ ਕਸ਼ਟ ਢਾਣੇ ਸ਼ੁਰੂ ਕਰ ਦਿਤੇ। ਉਨ੍ਹਾਂ ਦੇ ਸਿਰਾਂ ਦਾ ਮੁੱਲ ਰਖਿਆ ਗਿਆ ਤੇ ਉਨ੍ਹਾਂ ਨੂੰ ਫੜ ਫੜ ਕੇ ਲਾਹੌਰ ਦਿੱਲੀ ਦਰਵਾਜ਼ੇ ਦੇ ਬਾਹਰ ਲਿਆ ਕੇ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਜਾਂਦਾ। ਉਸ ਥਾਂ ਦਾ ਨਾਂ ਹੀ 'ਸ਼ਹੀਦ ਗੰਜ' ਹੈ।

ਉਹ ਦਿਨ ਭਰ 'ਓਟ-ਸਥਾਨਾਂ' ਵਿਚ ਰਹਿੰਦੇ, ਪਰ ਰਾਤ ਦੇ ਹਨੇਰੇ ਵਿਚ ਲੋੜੀਦੀਆਂ ਵਸਤਾਂ ਪ੍ਰਾਪਤ ਕਰਨ ਲਈ ਬਾਹਰ ਨਿਕਲਦੇ। ਕਦੀ ਸਫਲਤਾ ਨਾਲ ਕਾਰਜ ਕਰ ਜਾਂਦੇ, ਕਦੇ ਫੜੇ ਜਾਂਦੇ ਤੇ ਮਾਰੇ ਜਾਂਦੇ।

ਅਜਿਹੇ ਕਰੜੇ ਸਮੇਂ ਵਿਚ ਵੀ ਅੰਮ੍ਰਿਤਧਾਰੀ ਸਿੰਘ ਚੜ੍ਹਦੀਆਂ ਕਲਾਂ ਵਿਚ ਰਹਿੰਦੇ ਤੇ ਉਨ੍ਹਾਂ ਨੇ ਰੋਜ਼ ਵਰਤੋਂ ਵਿਚ ਆਉਣ ਵਾਲੀਆਂ ਵਸਤੂਆਂ ਦੇ ਨਾਂ ਆਪਣੀ ਲੋੜ ਅਨੁਸਾਰ ਅਨੋਖੇ ਤੇ ਅਜੀਬ ਰੱਖ ਲਏ, ਜਿਵੇਂ ਸਾਗ ਨੂੰ 'ਪੁਲਾਅ', ਗੰਢੇ ਨੂੰ 'ਰੁਪਾ', ਛੋਲਿਆਂ ਨੂੰ 'ਬਦਾਮ', ਗਾਜਰਾਂ ਨੂੰ 'ਸਿਉ', ਰਾਸ਼ਨ ਪਾਣੀ ਮੁਕ ਜਾਣ ਨੂੰ 'ਲੰਗਰ ਮਸਤਾਨਾ', ਅੰਨ੍ਹੇ ਨੂੰ 'ਸੂਰਮਾ ਸਿੰਘ', ਇਕ ਸਿੰਘ ਨੂੰ 'ਸਵਾ ਲੱਖ' ਕਹਿ ਕੇ ਪ੍ਰਸੰਨ ਹੁੰਦੇ ਸਨ। ਇਹ ਗੱਲ ਦੱਸਦੀ ਹੈ ਕਿ ਸਿੰਘਾਂ ਦੇ ਹੌਸਲੇ ਉਸ ਅਤਿ ਦੁਖਦਾਈ ਹਾਲਤ ਵਿਚ ਵੀ ਸਦਾ ਉੱਚੇ ਰਹਿੰਦੇ ਸਨ। ਡਾਕਟਰ ਹਰੀ ਰਾਮ ਗੁਪਤਾ ਉਸ ਸਮੇਂ ਦੇ ਸਿੰਘਾਂ ਦੇ ਜੀਵਨ ਬਾਰੇ ਲਿਖਦੇ ਹਨ :

"ਦੁਖ ਜਾਂ ਤਕਲੀਫ਼ ਸਿੱਖਾਂ ਵਾਸਤੇ ਅਰਥ-ਹੀਨ ਸੀ ਤੇ ਉਸ ਬਿਖੜੇ ਸਮੇਂ ਵਿਚ ਵੀ ਉਹ ਹੱਸਦੇ-ਖੇਡਦੇ ਤੇ ਅਨੰਦ ਮਾਣਦੇ ਸਨ। ਮੁਸੀਬਤਾਂ ਕਰਕੇ ਉਹ ਇਕ ਦੂਸਰੇ ਦੇ ਹੋਰ ਨੇੜੇ ਹੋ ਗਏ। ਜਿਹੜੇ ਮਤ-ਭੇਦ ਸ਼ਾਂਤੀ ਸਮੇਂ ਉਤਪੰਨ ਹੋ ਗਏ ਸਨ, ਉਹ ਜ਼ਾਲਮ ਦੇ ਜ਼ੁਲਮ ਦੇ ਭੈ ਤੇ ਪ੍ਰਭਾਵ ਹੇਠਾਂ ਖ਼ਤਮ ਹੋ ਗਏ ਅਤੇ ਸਾਰੇ ਸਿਖ ਭੈਣਾਂ ਭਰਾਵਾਂ ਵਾਂਗ ਰਹਿਣ ਲਗੇ। ਇਸ ਦਾ ਸਿੱਟਾ ਨਿਕਲਿਆ ਕਿ ਉਨ੍ਹਾਂ ਦੇ ਇਰਾਦੇ ਵਿਚ ਤਕੜਾਈ ਆ ਗਈ ਤੇ


www.AKJ.Org

ਉਨ੍ਹਾਂ ਵਿਚ ਆਪਣੇ ਧਰਮ ਦੀ ਖ਼ਾਤਰ ਮਰ-ਮਿਟਣ ਦਾ ਜਜ਼ਬਾ ਪੈਦਾ ਹੋ ਗਿਆ।"

ਇਥੇ ਇਕ ਘਟਨਾ ਦਾ ਵਰਣਨ ਕਰਨਾ ਕੁਥਾਂ ਨਹੀਂ ਹੋਵੇਗਾ। ਭਾਈ ਤਾਰਾ ਸਿੰਘ ਇਕ ਪਰਉਪਕਾਰੀ ਸਿੱਖ ਸੀ ਅਤੇ ਬਹਾਦਰੀ ਤੇ ਸੇਵਾ ਭਾਵ ਕਰਕੇ ਸਿੱਖਾਂ ਵਿਚ ਹਰ-ਮਨ ਪਿਆਰਾ ਸੀ। ਪੱਟੀ ਦੇ ਫ਼ੌਜਦਾਰ ਜ਼ਫਰ ਬੇਗ ਨੇ ਭਾਈ ਤਾਰਾ ਸਿੰਘ ਨੂੰ ਫੜਨ ਲਈ ੨੫ ਘੋੜ-ਸਵਾਰ ਤੇ ੯੦ ਪੈਦਲ ਸਿਪਾਹੀ ਭੇਜੇ। ਟਾਕਰੇ ਵਿਚ ਜ਼ਫਰ ਬੇਗ ਦਾ ਭਤੀਜਾ ਮਾਰਿਆ ਗਿਆ ਤੇ ਜ਼ਫਰ ਬੇਗ ਦੇ ਸਿਪਾਹੀਆਂ ਨੂੰ ਹਾਰ ਹੋਈ। ਗੁੱਸੇ ਵਿਚ ਆ ਕੇ ਮੋਮਨ ਖਾਂ ਦੀ ਅਗਵਾਈ ਵਿਚ ੨੨੦੦ ਘੋੜ-ਸਵਾਰ, ੪੦ ਜੰਬੂਰਨ ਤੇ ੫ ਹਾਥੀ ਭੇਜੇ ਗਏ। ਭਾਈ ਤਾਰਾ ਸਿੰਘ ਨਾਲ ਉਸ ਵੇਲੇ ੨੨ ਸਿੱਖ ਸਨ, ਪਰ ਫੇਰ ਵੀ ਉਨ੍ਹਾਂ ਨੇ ਮੁਗਲ ਫ਼ੌਜ ਨੂੰ ਸਾਰੀ ਰਾਤ ਵਖਤ ਪਾਈ ਰਖਿਆ। ਇਕ ਵੱਡੇ ਹੱਲੇ ਵਿਚ ਭਾਈ ਤਾਰਾ ਸਿੰਘ ਆਪਣੇ ਸਾਥੀਆਂ ਸਮੇਤ ਸ਼ਹੀਦੀ ਪਾ ਗਏ।

ਇਸ ਘਟਨਾ ਤੋਂ ਪਤਾ ਲੱਗ ਜਾਂਦਾ ਹੈ ਕਿ ਅੰਮ੍ਰਿਤਧਾਰੀ ਸਿੱਖ ਮੁਸੀਬਤ ਵਿਚ ਵੀ ਕਿਵੇਂ ਚੜ੍ਹਦੀਆਂ ਕਲਾਂ ਵਿਚ ਰਹਿੰਦੇ ਸਨ। ਏਹਨਾਂ ੨੨ ਸਿੱਖਾਂ ਦੀ ਦਲੇਰੀ ਤੇ ਨਿਡਰਤਾ ਦੀ ਖ਼ਬਰ ਨੇ ਜੰਗਲਾਂ ਤੇ ਪਹਾੜਾਂ ਵਿਚ ਬੈਠੇ ਸਿੱਖਾਂ ਅੰਦਰ ਜੋਸ਼ ਤੇ ਉਤਸ਼ਾਹ ਭਰ ਦਿੱਤਾ। ੧੭੨੬ ਵਿਚ ਸਿੱਖਾਂ ਨੇ ਕਈ ਥਾਵਾਂ ਤੇ ਸਰਕਾਰੀ ਫ਼ੌਜੀਆਂ ਦਾ ਟਾਕਰਾ ਕਰ ਕੇ ਉਹਨਾਂ ਕੋਲੋਂ ਸਰਕਾਰੀ ਖ਼ਜ਼ਾਨਾ ਤੇ ਹੋਰ ਮਾਲ ਖੋਹਿਆ।

ਜ਼ਕਰੀਆ ਖ਼ਾਂ ਨੇ ਸਿੱਖਾਂ ਦੀਆਂ ਸਰਗਰਮੀਆਂ ਤੋਂ ਤੰਗ ਆ ਕੇ ਮਜ਼੍ਹਬੀ ਜਨੂੰਨ ਨੂੰ ਵੰਗਾਰਿਆ। ਫਲਸਰੂਪ ਲਾਹੌਰ ਵਿਚ ਹਜ਼ਾਰਾਂ ਚੋਣਵੇਂ ਮੁਸਲਮਾਨ ਯੋਧੇ 'ਹੈਦਰੀ ਝੰਡੇ' ਹੇਠ ਇਕੱਠੇ ਹੋ ਗਏ, ਜਿਨ੍ਹਾਂ ਦਾ ਆਗੂ ਅਨਾਇਤ ਉੱਲਾ ਸੀ। ਸਿੱਖਾਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਅਛੋਪਲੇ ਵਾਰ ਕਰ ਕੇ ਜ਼ਾਲਮਾਂ ਦੇ ਆਹੂ ਲਾਹ ਦਿਤੇ, ਜੰਗੀ ਸਮਾਨ ਤੇ ਘੋੜੇ ਆਦਿ ਖੋਹ ਲਏ ਅਤੇ ਫੇਰ ਜੰਗਲਾਂ ਤੇ ਪਹਾੜਾਂ ਵਿਚ ਜਾ ਵੜੇ। ਮੌਕਾ ਪਾ ਪਾ ਕੇ ਉਹ ਮੈਦਾਨਾਂ ਵਿਚ ਨਿਕਲਦੇ ਤੇ ਲੋੜੀਂਦੀਆਂ ਵਸਤਾਂ ਖੋਹ-ਖਾਹ ਕੇ ਲੈ ਜਾਂਦੇ। ਅੰਤ ਇਕ ਦਿਨ ਭੀਲੋਵਾਲ ਦੇ ਨੇੜੇ ਹੈਦਰੀ ਝੰਡੇ ਵਾਲਿਆਂ ਨਾਲ ਸਿੱਖਾਂ ਦਾ ਸਿੱਧਾ ਟਾਕਰਾ ਹੋ ਗਿਆ। ਘਮਸਾਨ ਦੀ ਲੜਾਈ ਵਿਚ ਹੈਦਰੀ ਝੰਡੇ ਵਾਲੇ ਮੁਸਲਮਾਨਾਂ ਦਾ ਸਫਾਇਆ ਕਰ ਦਿੱਤਾ ਗਿਆ।

ਭਗਤ ਲਛਮਣ ਸਿੰਘ ਜੀ ਇਸ ਦ੍ਰਿਸ਼ ਨੂੰ ਬਿਆਨ ਕਰਦੇ ਹੋਏ ਲਿਖਦੇ ਹਨ—

"ਕਈ ਤੁਰਕ ਨੱਸਣ ਲੱਗਿਆਂ ਕਟੇ ਗਏ ਕਈ ਦਰੱਖ਼ਤਾਂ ਨਾਲ ਜਾ ਟਕਰਾਏ। ਕਈਆਂ ਨੇ ਆਪਣੀਆਂ ਲੱਤਾਂ-ਬਾਹਾਂ ਤੁੜਵਾ ਲਈਆਂ। ਕਈ ਅੱਖਾਂ ਗੁਆ ਬੈਠੇ। ਸੜੇ-ਬਲੇ 'ਝੰਡਾ-ਬਰਦਾਰ' ਨੇ ਝੰਡੇ ਨੂੰ ਲੀਰੋ-ਲੀਰ ਕਰ ਕੇ ਅੱਗ ਵਿਚ ਸੁੱਟ ਦਿਤਾ।"

ਜਦੋਂ ਜ਼ਕਰੀਆ ਖ਼ਾਂ ਸਿੰਘਾਂ ਦਾ ਖੁਰਾ-ਖੋਜ ਮਿਟਾਉਣ ਲਈ ਅਸਫਲ ਰਿਹਾ ਤਾਂ ਉਸ ਨੇ ਸਿੱਖਾਂ ਵਲ ਦੋਸਤੀ ਦਾ ਹੱਥ ਵਧਾਇਆ। ਜਗੀਰ ਤੇ ਨਵਾਬੀ ਦੇ ਕੇ ਸਿੰਘਾਂ ਨਾਲ ਸੁਲਾਹ ਕਰ ਲਈ। ਗੁਰਮਤਾ ਕਰ ਕੇ ਸਿੰਘਾਂ ਨੇ ਜ਼ਕਰੀਆ ਖਾਂ ਦੀ ਪੇਸ਼ਕਸ਼ ਮੰਨ ਲਈ ਤੇ ਸ: ਕਪੂਰ ਸਿੰਘ ਫੈਜ਼ਲਪੁਰੀ ਨੂੰ ਨਵਾਬੀ ਦਾ ਖਿਤਾਬ ਤੇ ਜਾਗੀਰ ਦਿਤੀ ਗਈ। ਜ਼ਕਰੀਆ ਖ਼ਾਂ ਦਾ ਖ਼ਿਆਲ ਸੀ ਕਿ ਲਾਲਚ ਨਾਲ ਸਿਖ ਦਬ ਜਾਣਗੇ, ਪਰ ਉਸ ਦੀ ਇੱਛਾ ਪੂਰੀ ਨਾ ਹੋ ਸਕੀ।

੧੭੩੪ ਵਿਚ ਨਵਾਬ ਕਪੂਰ ਸਿੰਘ ਨੇ ਸਿੰਘਾਂ ਦੇ ਦੋ ਦਲ ਬਣਾ ਦਿਤੇ। ਇਕ ਦਾ ਨਾਂ 'ਬੁੱਢਾ ਦਲ' ਤੇ ਦੂਸਰੇ ਦਾ 'ਤਰੁਨਾ ਦਲ' ਰਖਿਆ ਗਿਆ। ਪਹਿਲੇ ਵਿਚ ਵਡੇਰੀ ਉਮਰ ਦੇ ਤੇ ਦੂਸਰੇ ਵਿਚ ਜਵਾਨ ਸਿੰਘ ਸ਼ਾਮਲ ਕੀਤੇ ਗਏ। ਤਰੁਣਾ ਦਲ ਨੂੰ ਪੰਜ ਜਥਿਆਂ ਵਿਚ ਵੰਡ ਕੇ ਇਹਨਾਂ ਜਥਿਆਂ ਦੇ ਆਗੂ ਭਾਈ ਦੀਪ ਸਿੰਘ, ਭਾਈ ਕਰਮ ਸਿੰਘ ਭਾਈ ਕਾਨ੍ਹ ਸਿੰਘ, ਭਾਈ ਦਸੌਂਧਾ ਸਿੰਘ ਤੇ ਭਾਈ ਜੀਵਨ ਸਿੰਘ ਨਿਯੁਕਤ ਕੀਤੇ ਗਏ। ਹਰ ਜਥੇ ਵਿਚ ਇਕ ਹਜ਼ਾਰ ਤੋਂ ਦੋ ਹਜ਼ਾਰ ਤਕ ਜਵਾਨ ਹੁੰਦੇ ਸਨ। ਹਰ ਜਥੇ ਕੋਲ ਆਪਣਾ ਨਿਸ਼ਾਨ ਸਾਹਿਬ ਤੇ ਨਗਾਰਾ ਹੁੰਦਾ ਸੀ। ਹੌਲੀ ਹੌਲੀ ਤਰੁਣਾ ਦਲ ਮੁਗਲਾਂ ਲਈ ਸ਼ਾਮਤ ਤੇ ਆਫ਼ਤ ਬਣ ਗਿਆ। ਉਸ ਦੀਆਂ ਸਰਗਰਮੀਆਂ ਤੋਂ ਤੰਗ ਆ ਕੇ ਜ਼ਕਰੀਆ ਖ਼ਾਂ ਨੇ ਸਿੰਘਾਂ ਦੀ ਜਾਗੀਰ ਜ਼ਬਤ ਕਰ ਲਈ ਤੇ ਦੀਵਾਨ ਲਖਪਤ ਰਾਇ ਦੀ

ਅਗਵਾਈ ਹੇਠ ਸਿੰਘਾਂ ਉਤੇ ਸਖ਼ਤੀ ਕਰਨ ਲਈ ਫੌਜ ਭੇਜੀ ਗਈ। ਬੁੱਢਾ ਦਲ ਤੇ ਮੁਗਲ ਫ਼ੌਜ ਵਿਚ ਪਹਿਲੀ ਟੱਕਰ 'ਬਾਸਰਕੇ' ਜ਼ਿਲਾ ਅੰਮ੍ਰਿਤਸਰ ਵਿਚ ਹੋਈ। ਬੁੱਢਾ ਦਲ ਦੇ ਪੈਰ ਉਖੜਨ ਵਾਲੇ ਹੀ ਸਨ ਕਿ ਤਰੁਣਾ ਦਲ ਉਸ ਦੀ ਸਹਾਇਤਾ ਨੂੰ ਪਹੁੰਚ ਗਿਆ। ਘਮਸਾਣ ਦਾ ਯੁੱਧ ਹੋਇਆ ਤੇ ਮੁਗਲ ਫ਼ੌਜ ਹਾਰ ਗਈ। ਲਖਪਤ ਰਾਇ ਦਾ ਭਤੀਜਾ ਤੇ ਦੋ ਪ੍ਰਸਿਧ ਫ਼ੌਜਦਾਰ ਜਲਾਲ ਖ਼ਾਂ ਤੇ ਤਾਤਾਰ ਖ਼ਾਂ ਮਾਰੇ ਗਏ। ਗੁੱਸੇ ਵਿਚ ਆ ਕੇ ਮੁਗਲ ਸਰਕਾਰ ਨੇ ਹਰਿਮੰਦਰ ਸਾਹਿਬ ਦੁਆਲੇ ਘੇਰਾ ਪਾ ਲਿਆ। ਸਾਰੇ ਰਾਹਾਂ ਉਤੇ ਚੌਕੀਆਂ ਬਿਠਾ ਦਿਤੀਆਂ ਗਈਆਂ। ਫ਼ੌਜ ਦੇ ਗਸ਼ਤੀ ਦਸਤੇ ਸਾਰੇ ਪਾਸੇ ਭੇਜ ਦਿਤੇ ਗਏ ਤੇ ਹੁਕਮ ਜਾਰੀ ਕੀਤਾ ਗਿਆ ਕਿ ਕੋਈ ਵੀ ਸਿੰਘਾਂ ਨੂੰ ਓਟ ਨਾ ਦੇਵੇ।

ਭਾਈ ਮਨੀ ਸਿੰਘ ਜੀ ਉਸ ਸਮੇਂ ਦਰਬਾਰ ਸਾਹਿਬ ਦੇ ਮੁਖ ਗ੍ਰੰਥੀ ਸਨ। ਉਹਨਾਂ ਨੇ ਜ਼ਕਰੀਆ ਖ਼ਾਂ ਦੀ ਨੀਤੀ ਦਾ ਵਿਰੋਧ ਕੀਤਾ। ਆਖ਼ਰ ਇਸ ਗੱਲ ਉਤੇ ਸਮਝੌਤਾ ਹੋਇਆ ਕਿ ਹਰਿਮੰਦਰ ਸਾਹਿਬ ਦੁਆਲਿਓਂ ਫ਼ੌਜੀ ਘੇਰਾ ਹਟਾ ਲਿਆ ਜਾਵੇ ਤੇ ਸਿੰਘਾਂ ਨੂੰ ਦੀਵਾਲੀ ਮਨਾਣ ਲਈ ਸ੍ਰੀ ਹਰਿਮੰਦਰ ਸਾਹਿਬ ਆਉਣ ਦਿਤਾ ਜਾਵੇ, ਇਸ ਦੇ ਬਦਲੇ ਸਰਕਾਰ ਨੂੰ ਪੰਜ ਹਜ਼ਾਰ ਰੁਪਏ ਦਿਤੇ ਜਾਣਗੇ। ਭਾਈ ਮਨੀ ਸਿੰਘ ਜੀ ਵਲੋਂ ਸਿੰਘਾਂ ਨੂੰ ਸੱਦੇ-ਪੱਤਰ ਭੇਜ ਦਿਤੇ ਗਏ, ਪਰ ਜ਼ਕਰੀਆ ਖ਼ਾਂ ਦੀ ਕੁਟਲ-ਨੀਤੀ ਅਨੁਸਾਰ ਦੀਵਾਲੀ ਵਾਲੇ ਦਿਨ ਦਰਬਾਰ ਸਾਹਿਬ ਉਪਰ ਹਮਲਾ ਕਰ ਕੇ ਸਿੰਘਾਂ ਦਾ ਕਤਲਿ ਆਮ ਕਰਨ ਦੀ ਵਿਉਂਤ ਦੀ ਸੂਹ ਭਾਈ ਸਾਹਿਬ ਨੂੰ ਮਿਲ ਗਈ। ਭਾਈ ਸਾਹਿਬ ਵਲੋਂ ਰੋਕੇ ਜਾਣ ਤੇ ਸਿੰਘ ਅੰਮ੍ਰਿਤਸਰ ਨਾ ਆ ਸਕੇ, ਚੜ੍ਹਾਵਾ ਨਾ ਚੜ੍ਹ ਸਕਿਆ ਤੇ ਟੈਕਸ ਦੀ ਰਕਮ ਨਾ ਦਿਤੀ ਜਾ ਸਕੀ। ਇਸ ਤੇ ਭਾਈ ਮਨੀ ਸਿੰਘ ਜੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਮੌਤ ਅਤੇ ਇਸਲਾਮ ਦੋਹਾਂ ਵਿਚੋਂ ਇਕ ਦੀ ਚੋਣ ਕਰਨ ਲਈ ਕਿਹਾ ਗਿਆ। ਭਾਈ ਸਾਹਿਬ ਨੇ ਧਰਮ ਤਿਆਗਣ ਨਾਲੋਂ ਸ਼ਹੀਦ ਹੋਣਾ ਪ੍ਰਵਾਨ ਕਰ ਲਿਆ ਤਾਂ ਉਹਨਾਂ ਦੇ ਬੰਦ-ਬੰਦ ਕਟ ਕੇ ਉਹਨਾਂ ਨੂੰ ਸ਼ਹੀਦ ਕਰ ਦਿੱਤਾ ਗਿਆ।

ਇਸ ਪਿਛੋਂ ਦਰਬਾਰ ਸਾਹਿਬ ਤੇ ਕਬਜ਼ਾ ਕਰਨ ਲਈ ਜ਼ਕਰੀਆ ਖ਼ਾਂ ਨੇ ਅਬਦੁਲ ਰਹਿਮਾਨ ਨੂੰ ਨਿਯਤ ਕੀਤਾ, ਪਰ ਉਹ ਸਿੰਘਾਂ ਹੱਥੋਂ ਮਾਰਿਆ ਗਿਆ। ਫੇਰ ਸਮੱਦ ਖ਼ਾਂ ਨੂੰ ਫੌਜ ਦੇ ਕੇ ਨਵਾਬ ਕਪੂਰ ਸਿੰਘ ਨੂੰ ਫੜਨ ਲਈ ਭੇਜਿਆ ਗਿਆ, ਪਰ ਸਮੱਦ ਖ਼ਾਂ ਦਾ ਵੀ ਉਹੋ ਹਾਲ ਹੋਇਆ ਜੋ ਅਬਦੁੱਲ ਰਹਿਮਾਨ ਦਾ ਹੋਇਆ ਸੀ। ੧੭੩੯ ਵਿਚ ਨਾਦਰ ਸ਼ਾਹ ਨੇ ਹਿੰਦੁਸਤਾਨ ਤੇ ਹਮਲਾ ਕੀਤਾ। ਕਰਨਾਲ ਦੇ ਮੈਦਾਨ ਵਿਚ ਨਾਦਰ ਸ਼ਾਹ ਤੇ ਮੁਗਲ ਬਾਦਸ਼ਾਹ ਮੁਹੰਮਦ ਸ਼ਾਹ ਦੀ ਲੜਾਈ ਹੋਈ, ਜਿਸ ਵਿਚ ਮੁਗਲ ਫ਼ੌਜ ਨੂੰ ਹਾਰ ਹੋਈ। ਨਾਦਰ ਸ਼ਾਹ ਨੇ ਸਾਰੇ ਦੇਸ਼ ਵਿਚ ਲੁਟ-ਮਾਰ ਕੀਤੀ ਤੇ ਸਾਰੇ ਦੇਸ਼ ਵਿਚ ਅਸ਼ਾਂਤੀ ਫੈਲ ਗਈ। ਜਦੋਂ ਨਾਦਰ ਸ਼ਾਹ ਲੁਟ-ਮਾਰ ਦਾ ਮਾਲ ਲੈ ਕੇ ਦਿੱਲੀ ਤੋਂ ਵਾਪਸ ਮੁੜ ਰਿਹਾ ਸੀ ਤਾਂ ਸਿੱਖਾਂ ਦੇ ਸਵੈ-ਮਾਣ ਨੂੰ ਧੱਕਾ ਲੱਗਾ। ਉਹਨਾਂ ਮਹਿਸੂਸ ਕੀਤਾ ਕਿ ਸਾਡੇ ਹੁੰਦਿਆਂ ਕੋਈ ਜਰਵਾਣਾ-ਲੁਟੇਰਾ ਦੇਸ਼ ਦੀ ਸੰਪਤੀ ਲੁਟ ਲੈ ਜਾ ਰਿਹਾ ਸੀ ਤਾਂ ਉਨ੍ਹਾਂ ਨੇ ਨਾਦਰ ਸ਼ਾਹ ਦੀ ਫ਼ੌਜ ਤੇ ਇੱਕੜ ਦੁੱਕੜ ਹਲੇ ਕਰ ਕੇ ਦੇਸ਼ ਦੀ ਸੰਪਤੀ ਵਿਚੋਂ ਕਾਫ਼ੀ ਹਿੱਸਾ ਖੋਹ ਕੇ, ਉਸ ਨੂੰ ਹੌਲਿਆਂ ਕਰ ਦਿਤਾ। ਸਿੰਘਾਂ ਦੀ ਇਸ ਦਲੇਰੀ ਭਰੀ ਕਾਰਵਾਈ ਨੂੰ ਵੇਖ ਕੇ ਨਾਦਰ ਸ਼ਾਹ ਨੇ ਜ਼ਕਰੀਆ ਖ਼ਾਂ ਕੋਲੋਂ ਪੁਛਿਆ—"ਇਹ ਲੋਕ ਕੌਣ ਹਨ ?"

"ਇਹ ਸਿਖ ਹਨ ਜੋ ਵੈਸਾਖੀ ਦੀਵਾਲੀ ਦੇ ਮੌਕੇ ਤੇ ਅੰਮ੍ਰਿਤਸਰ ਆਉਂਦੇ ਹਨ। ਜ਼ਕਰੀਆ ਖ਼ਾਂ ਦਾ ਉੱਤਰ ਸੀ।

"ਇਹ ਰਹਿੰਦੇ ਕਿਥੇ ਹਨ ?" ਨਾਦਰ ਸ਼ਾਹ ਨੇ ਪੁਛਿਆ।

"ਘੋੜਿਆਂ ਦੀ ਕਾਠੀਆਂ ਤੇ ਹੀ ਇਹਨਾਂ ਦਾ ਟਿਕਾਣਾ ਹੈ।" ਜ਼ਕਰੀਆ ਖ਼ਾਂ ਨੇ ਦਸਿਆ।

ਇਹ ਗੱਲ ਸੁਣ ਕੇ ਨਾਦਰ ਸ਼ਾਹ ਗੰਭੀਰਤਾ ਨਾਲ ਕਹਿਣ ਲੱਗਾ, "ਮੈਨੂੰ ਜਾਪਦੈ ਇਹ ਲੋਕ ਏਥੇ ਰਾਜ ਕਰਨਗੇ। ਇਹ ਗੱਲ ਸੁਣ ਕੇ ਜ਼ਕਰੀਆ ਖ਼ਾਂ ਘਬਰਾਇਆ ਤੇ ਉਸ ਨੇ ਐਲਾਨ ਕੀਤਾ—

"ਜੋ ਕੋਈ ਸਿਖ ਦੇ ਕੇਸ ਕਤਲ ਕਰੇਗਾ, ਉਸ ਨੂੰ ਇਕ ਬਿਸਤਰਾ ਤੇ ਕੰਬਲ ਮਿਲੇਗਾ, ਜੋ ਕੋਈ ਸਿਖ ਦੀ ਖ਼ਬਰ ਦੇਵੇਗਾ ਉਸ ਨੂੰ ਦਸ ਰੁਪਏ ਦਿਤੇ ਜਾਣਗੇ। ਜੋ ਕੋਈ ਸਿੰਘ ਨੂੰ ਜੀਊਂਦਾ ਫੜੇਗਾ ਜਾਂ ਉਸ ਨੂੰ ਕਤਲ ਕਰੇਗਾ ਉਸ ਨੂੰ ਪੰਜਾਹ ਰੁਪਏ ਇਨਾਮ ਵਜੋਂ ਮਿਲਣਗੇ।" ਇਸ ਤਰ੍ਹਾਂ ਨਾਲ ਸਿੰਘਾਂ ਦਾ ਜੰਗਲੀ ਜਾਨਵਰਾਂ ਵਾਂਗ ਸਿਕਾਰ


www.AKJ.Org

ਹੋਣ ਲੱਗਾ । ਕਈ ਲਾਲਚੀ ਤਾਂ ਔਰਤਾਂ ਦੇ ਸਿਰ ਕੱਟ ਕੇ ਇਨਾਮ ਪਾਉਂਦੇ ਰਹੇ ।

ਭਾਈ ਮਹਿਤਾਬ ਸਿੰਘ ਮੀਰਾਂਕੋਟੀਆ, ਭਾਈ ਬੋਤਾ ਸਿੰਘ ਸੰਧੂ ਤੇ ਭਾਈ ਤਾਰੂ ਸਿੰਘ ਆਦਿ ਦੀਆਂ ਸ਼ਹੀਦੀਆਂ ਜਿਥੇ ਰੌਂਗਟੇ ਖੜੇ ਕਰਨ ਵਾਲੀਆਂ ਹਨ, ਉਥੇ ਸਿੰਘਾਂ ਦੀ ਚੜ੍ਹਦੀ ਕਲਾ ਦੀਆਂ ਸੂਚਕ ਵੀ ਹਨ ।

ਇਤਨਾ ਕਹਿਰ ਕਰਨ ਉਪਰੰਤ ਵੀ ਜ਼ਕਰੀਆ ਖ਼ਾਂ ਆਪਣੇ ਮਿਸ਼ਨ ਵਿਚ ਸਫਲ ਨਾ ਹੋ ਸਕਿਆ। ਅੰਤ ੧੭੪੫ ਵਿਚ ਉਸ ਦੀ ਮੌਤ ਹੋ ਗਈ ਤੇ ਉਸ ਦਾ ਪੁੱਤਰ ਯਹੀਆ ਖ਼ਾਨ ਲਾਹੌਰ ਦਾ ਸੂਬੇਦਾਰ ਬਣਿਆ । ਉਹ ਵੀ ਆਪਣੇ ਪਿਉ ਵਾਂਗ ਜ਼ਾਲਮ ਤੇ ਨਿਰਦਈ ਸੀ । ਉਸ ਨੇ ਪਿਤਾ-ਪੁੱਤਰ ਭਾਈ ਸੁਬੇਗ ਸਿੰਘ ਤੇ ਸ਼ਾਹਬਾਜ਼ ਸਿੰਘ ਨੂੰ ਚਰਖੜੀ ਤੇ ਚੜ੍ਹਾ ਕੇ ਸ਼ਹੀਦ ਕੀਤਾ । ਇਹਨਾਂ ਸ਼ਹੀਦੀਆਂ ਨਾਲ ਸਿੰਘਾਂ ਦੇ ਹੌਸਲੇ ਢਹਿਣ ਦੀ ਥਾਂ ਵੱਧ ਗਏ । ੧੭੪੬ ਵਿਚ ਸਿੰਘਾਂ ਦਾ ਇਕ ਜਥਾ ਜ਼ਿਲਾ ਗੁਜਰਾਂਵਾਲਾ ਵਿਚ ਗੁਰੂ ਨਾਨਕ ਸਾਹਿਬ ਦੀ ਯਾਦ ਵਿਚ ਬਣੇ ਗੁਰਦੁਆਰਾ ਰੋੜੀ ਸਾਹਿਬ (ਏਮਨਾਬਾਦ) ਦੀ ਯਾਤਰਾ ਦੀ ਖ਼ਾਤਰ ਗਿਆ । ਜਸਪਤ ਰਾਇ ਫ਼ੌਜਦਾਰ ਨੇ ਸਿੰਘਾਂ ਨੂੰ ਉਥੋਂ ਨਿਕਲ ਜਾਣ ਲਈ ਹੁਕਮ ਦਿਤਾ । ਸਿੰਘਾਂ ਉਸ ਦੀ ਗੱਲ ਨਾ ਮੰਨੀ । ਟਾਕਰਾ ਹੋਇਆ ਤੇ ਇਕ ਸਿੰਘ ਨੇ ਦਲੇਰੀ ਕਰ ਕੇ ਜਸਪਤ ਰਾਇ ਦੇ ਹਾਥੀ ਦੀ ਪੂਛ ਫੜ ਕੇ, ਹਾਥੀ ਤੇ ਚੜ੍ਹ ਕੇ ਉਸ ਦਾ ਸਿਰ ਵੱਢ ਦਿਤਾ ।

ਜਸਪਤ ਦੇ ਕਤਲ ਦੀ ਖ਼ਬਰ ਸੁਣ ਕੇ ਉਸ ਦਾ ਭਰਾ ਲੱਖਪਤ ਗੁਸੇ ਵਿਚ ਭੱਜਾ ਭੱਜਾ ਨਵਾਬ ਕੋਲ ਗਿਆ ਤੇ ਸਿਰੋਂ ਪੱਗ ਲਾਹ ਕੇ, ਨਵਾਬ ਦੇ ਪੈਰਾਂ ਤੇ ਰੱਖਦਿਆਂ ਕਹਿਣ ਲੱਗਾ, "ਜਦ ਤਕ ਮੈਂ ਸਿੱਖਾਂ ਦਾ ਨਾਂ ਨਿਸ਼ਾਨ ਨਹੀਂ ਮਿਟਾ ਦੇਂਦਾ, ਮੈਂ ਆਪਣੇ ਆਪ ਨੂੰ ਖੱਤਰੀ ਨਹੀਂ ਕਹਾਵਾਂਗਾ । ਇਕ ਖੱਤਰੀ ਨੇ ਇਹ ਪੰਥ ਚਲਾਇਆ ਸੀ ਤੇ ਇਕ ਖੱਤਰੀ ਹੀ ਇਸ ਦਾ ਖ਼ਾਤਮਾ ਕਰੇਗਾ ।"

ਫਲ ਸਰੂਪ ਜਿੰਨੇ ਸਿੰਘ ਲਾਹੌਰ ਵਿਚ ਸਨ, ਫੜ ਲਏ ਗਏ ਤੇ ੧੦ ਮਾਰਚ ੧੭੪੬ ਵਾਲੇ ਦਿਨ ਸਭ ਸ਼ਹੀਦ ਕਰ ਦਿਤੇ । ਲਖਪਤ ਰਾਇ ਨੇ ਹੁਕਮ ਜਾਰੀ ਕੀਤਾ ਕਿ ਕੋਈ ਗੁਰੂ ਗ੍ਰੰਥ ਸਾਹਿਬ ਦਾ ਪਾਠ ਨਾ ਕਰੇ ਤੇ ਨਾ ਹੀ ਕੋਈ ਗੁਰੂ ਦਾ ਨਾਮ ਲਵੇ । 'ਗੁਰ' ਸ਼ਬਦ 'ਗੁੜ' ਨਾਲ ਮਿਲਦਾ ਜੁਲਦਾ ਹੋਣ ਕਰਕੇ ਗੁੜ ਦੀ ਥਾਂ 'ਰੋੜੀ' ਸ਼ਬਦ ਦੀ ਵਰਤੋਂ ਕਰਨ ਦਾ ਆਦੇਸ਼ ਦਿਤਾ ਗਿਆ । ਗੁਰੂ ਗ੍ਰੰਥ ਸਾਹਿਬ ਦੀਆਂ ਪਾਵਨ ਬੀੜਾਂ ਤੇ ਹਰਿਮੰਦਰ ਸਾਹਿਬ ਦੇ ਸਰੋਵਰ ਦੀ ਬੇਅਦਬੀ ਕੀਤੀ ਗਈ । ਇਸ ਤੋਂ ਪਿਛੋਂ ਕੋਈ ੧੫੦੦੦ ਸਿੰਘਾਂ ਨੇ ਕਾਹਨੂੰਵਾਨ ਛੰਭ ਵਿਚ ਪਨਾਹ ਲਈ । ਯਹੀਆ ਖ਼ਾਂ ਤੇ ਲਖਪਤ ਰਾਇ ਨੇ ਉਹਨਾਂ ਨੂੰ ਖ਼ਤਮ ਕਰਨ ਵਾਸਤੇ ਇਕ ਵੱਡੀ ਫ਼ੌਜ ਤਿਆਰ ਕੀਤੀ । ਜੰਗਲ ਵੱਢ ਕੇ ਛੰਭ ਤਕ ਪੁਜਣ ਲਈ ਰਸਤਾ ਬਣਾਇਆ ਗਿਆ । ਤੋਪਖਾਨੇ ਦੀ ਮਾਰ ਤੋਂ ਬਚਣ ਲਈ ਸਿੰਘ ਦਰਿਆ ਰਾਵੀ ਪਾਰ ਕਰ ਕੇ, ਕਠੂਆ ਵਲ ਵਧੇ । ਮੁਗ਼ਲ ਫ਼ੌਜ ਉਹਨਾਂ ਦਾ ਪਿੱਛਾ ਕਰ ਰਹੀ ਸੀ । ਸਿੰਘ ਬਸੋਲੀ ਦੀਆਂ ਪਹਾੜੀਆਂ ਵਲ ਚਲੇ ਗਏ । ਪਹਾੜੀ ਲੋਕਾਂ ਨੇ ਹਕੂਮਤ ਦੇ ਹੁਕਮ ਨਾਲ ਅਗੋਂ ਸਿੰਘਾਂ ਦਾ ਸੁਆਗਤ ਪੱਥਰਾਂ ਤੇ ਗੋਲੀਆਂ ਨਾਲ ਕੀਤਾ । ਸਿੰਘਾਂ ਨੇ ਮਾਝੇ ਵਲ ਜਾਣ ਦਾ ਯਤਨ ਕੀਤਾ, ਪਰ ਦਰਿਆ ਵਿਚ ਹੜ੍ਹ ਆਇਆ ਹੋਇਆ ਸੀ । ਘੋੜ-ਸਵਾਰ ਸਿੰਘ ਮੁਗਲ ਸੈਨਾ ਦੀਆਂ ਸਫ਼ਾਂ ਚੀਰਨ ਦੇ ਯਤਨ ਕਰ ਰਹੇ ਸਨ ਕਿ ਸੈਂਕੜਿਆਂ ਦੀ ਗਿਣਤੀ ਵਿਚ ਸ਼ਹੀਦ ਹੋ ਗਏ । ਅੰਤ ਦਰਿਆ ਰਾਵੀ ਪਾਰ ਕਰ ਕੇ ਬਿਆਸ ਵਲ ਵਧੇ, ਪਰ ਲਖਪਤ ਰਾਇ ਉਹਨਾਂ ਦਾ ਪਿੱਛਾ ਕਰ ਰਿਹਾ ਸੀ । ਅਗੋਂ ਬਿਆਸ ਦਰਿਆ ਵਿਚ ਹੜ੍ਹ ਆਇਆ ਸੀ । ਗੋਇੰਦਵਾਲ ਸਾਹਿਬ ਦੇ ਸਥਾਨ ਤੇ ਉਹਨਾਂ ਦਰਿਆ ਵਿਚ ਛਾਲਾਂ ਮਾਰ ਦਿਤੀਆਂ । ਜਦੋਂ ਦਰਿਆ ਦੇ ਪਾਰਲੇ ਕੰਢੇ ਪੁਜੇ ਤਾਂ ਤਪਦੀ ਰੇਤ ਨੇ ਉਹਨਾਂ ਦੇ ਪੈਰ ਲੂਹ ਸੁਟੇ । ਕਪੜੇ ਪਾੜ ਕੇ ਪੱਟੀਆਂ ਬਣਾ ਕੇ ਪੈਰਾਂ ਤੇ ਬੰਨ੍ਹਦੇ ਹੋਏ ਜਦੋਂ ਅੱਗੇ ਵਧੇ ਤਾਂ ਅਦੀਨਾ ਬੇਗ ਨੇ ਉਹਨਾਂ ਉਤੇ ਹੱਲਾ ਕਰ ਦਿਤਾ । ਸਿੰਘ ਸਤਲੁਜ ਪਾਰ ਕਰ ਕੇ ਮਾਲਵੇ ਵਿਚ ਚਲੇ ਗਏ । ਇਸ ਔਕੜ ਦੇ ਸਮੇਂ ਸਤ ਹਜ਼ਾਰ ਸਿੰਘ ਸ਼ਹੀਦ ਹੋ ਗਏ ਤੇ ਤਿੰਨ ਹਜ਼ਾਰ ਕੈਦੀ ਬਣਾ ਲਏ ਗਏ । ਕੈਦੀਆਂ ਨੂੰ ਵੀ ਪਿਛੋਂ ਸ਼ਹੀਦ ਕਰ ਦਿਤਾ ਗਿਆ । ਸ਼ਹੀਦਾਂ ਦੀਆਂ ਖੋਪਰੀਆਂ ਦੇ ਟਿੱਬੇ ਉਸਾਰੇ ਗਏ ਤੇ ਸਰੀਰਾਂ ਨੂੰ ਨੀਹਾਂ ਵਿਚ ਦੱਬ ਕੇ ਉਤੇ ਮਸੀਤ ਉਸਾਰੀ ਗਈ, ਜਿਹੜੀ ਪਿਛੋਂ 'ਸ਼ਹੀਦ ਗੰਜ' ਦੇ ਨਾਂ ਨਾਲ ਪ੍ਰਸਿੱਧ ਸਥਾਨ ਬਣਿਆ । ਇਹ ਸਾਰਾ ਸਾਕਾ ਛੋਟਾ ਘੱਲੂਘਾਰਾ' ਦੇ ਨਾਂ ਨਾਲ ਪ੍ਰਸਿੱਧ ਹੈ ।

[ਬਾਕੀ ਵੇਖੋ ਸਫ਼ਾ ੨੪ ਹੇਠ]

www.AKJ.Org

# ਕਬਿਤ ਸਵੱਯੇ ਭਾਈ ਗੁਰਦਾਸ ਜੀ (੧੫)

ਆਧਿ ਕੈ ਬਿਆਧਿ ਉਪਾਧਿ ਕੈ ਤ੍ਰਿਦੋਖ ਹੁਤੇ;
ਗੁਰਸਿਖ ਸਾਧ-ਗੁਰ ਬੈਦ ਪੈ ਲੈ ਆਏ ਹੈਂ ॥
ਅੰਮ੍ਰਿਤ ਕਟਾਛਜ ਪੇਖਿ ਜਨਮ ਮਰਨ ਮੇਟੇ,
ਜੋਨਿ ਜਮ ਭੈ ਨਿਵਾਰੇ, ਅਭੈ ਪਦ ਪਾਏ ਹੈਂ ॥
ਚਰਨ ਕਮਲ ਮਕਰੰਦ ਰਜ ਲੇਪਨ ਕੈ,
ਦੀਖਿਆ ਸੀਖਿਆ ਸੰਜਮ ਕੈ ਅਉਖਧਿ ਖਵਾਏ ਹੈਂ ॥
ਕਰਮ ਭਰਮ ਖੋਇ ਧਾਵਤ ਬਰਜਿ ਰਾਖੇ,
ਨਿਹਚਲ ਮਤਿ ਸੁਖ ਸਹਜ ਸਮਾਏ ਹੈਂ ॥੭੮॥

**ਪਦ ਅਰਥ :** ਆਧਿ—ਮਾਨਸਿਕ ਰੋਗ, ਚਿੰਤਾ ਫ਼ਿਕਰ ਆਦਿ। ਬਿਆਧਿ—ਸਰੀਰਕ ਰੋਗ। ਉਪਾਧਿ—ਦੈਵਿਕ ਰੋਗ, ਕਸ਼ਟ ਪਸਚਾਤਾਪ ਆਦਿ। ਤ੍ਰਿਦੋਖ—ਤਿੰਨ ਤਰ੍ਹਾਂ ਦੇ ਦੁਖ। ਸਾਧ ਗੁਰ—ਸਾਧੂ ਸਤਿਗੁਰੂ। ਕਟਾਛਜ—ਕਿਰਪਾ ਦ੍ਰਿਸ਼ਟੀ। ਪੇਖਿ—ਵੇਖ ਕੇ। ਜੋਨਿ—ਜੂਨਾਂ। ਭੈ ਨਿਵਾਰੇ-ਡਰ ਦੂਰ ਕਰਦਾ ਹੈ। ਅਭੈ ਪਦ—ਡਰ ਰਹਿਤ ਪਦਵੀ। ਮਕਰੰਦ—ਫੁਲਾਂ ਦਾ ਰਸ, ਪਰਾਗ। ਰਜ-ਧੂੜੀ। ਅਉਖਧਿ—ਦਵਾਈ। ਧਾਵਤ-(ਵਿਕਾਰਾਂ ਵਲ) ਦੌੜਦੇ ਮਨ ਨੂੰ। ਬਰਜਿ ਰਾਖੇ—ਰੋਕਦੇ ਹਨ। ਨਿਹਚਲ—ਅਸਥਿਰ ।

**ਅਰਥ** : ਜਿਹੜੇ ਮਾਨਸਕ, ਸਰੀਰਕ ਤੇ ਦੈਵਿਕ ਤਿੰਨ ਕਿਸਮਾਂ ਦੇ ਦੁਖਾਂ ਵਾਲੇ ਰੋਗੀ ਸਨ, ਉਨ੍ਹਾਂ ਨੂੰ ਗੁਰਸਿਖ-ਸੇਵਕ ਸਾਧੂ-ਸਤਿਗੁਰੂ ਵੈਦ ਪਾਸ ਲੈ ਆਉਂਦਾ ਹੈ।

ਸਤਿਗੁਰੂ ਉਨ੍ਹਾਂ ਵਲ ਆਪਣੀ ਅੰਮ੍ਰਿਤ ਭਰੀ ਦ੍ਰਿਸ਼ਟੀ ਸੁਟ ਕੇ ਉਨ੍ਹਾਂ ਦੇ ਜਨਮ ਮਰਨ ਦੇ ਗੇੜ ਮਿਟਾ ਦਿੰਦਾ ਹੈ, ਜੂਨਾਂ ਵਿਚ ਭਟਕਣ ਅਤੇ ਮੌਤ ਲਿਆਉਣ ਵਾਲੇ ਜਮ ਦਾ ਡਰ ਦੂਰ ਕਰ ਦਿੰਦਾ ਹੈ, ਇਉਂ ਉਹ ਨਿਰਭੈ ਪਦ ਨੂੰ ਪਾ ਲੈਂਦੇ ਹਨ।

ਸਤਿਗੁਰੂ ਸ਼ਬਦ-ਅਭਿਆਸ ਦੀ ਦੀਖਿਆ ਅਤੇ ਆਤਮ-ਗਿਆਨ ਰੂਪੀ ਸਿਖਿਆ ਦੇ ਕੇ, ਇਸ ਸੰਜਮ ਵਿਚ ਰਖ ਕੇ, ਉਨ੍ਹਾਂ ਨੂੰ ਨਾਮ-ਸਿਮਰਨ ਦੀ ਦਵਾਈ ਖਵਾਂਦਾ ਹੈ, (ਜਿਸ ਕਰਕੇ ਰੋਗਾਂ ਵਿਚ ਘਿਰੇ ਹੋਏ ਪ੍ਰਾਣੀ) ਸਤਿਗੁਰੂ ਦੇ ਚਰਨ ਕਮਲਾਂ ਦੀ ਪਰਾਗ-ਧੂੜੀ ਮਲ ਕੇ, ਭਾਵ, ਸਤਿਗੁਰੂ ਦੇ ਚਰਨ ਕਮਲਾਂ ਦੀ ਓਟ ਲੈ ਕੇ (ਅਰੋਗ ਹੋ ਜਾਂਦੇ ਹਨ)।

(ਇਉਂ ਉਹ ਰੋਗਾਂ ਵਿਚ ਗ੍ਰਸਤ ਪ੍ਰਾਣੀ) ਕਰਮ-ਕਾਂਡਾਂ ਦੇ ਭਰਮ-ਜਾਲ ਗਵਾ ਕੇ, ਵਿਸ਼ੇ ਵਿਕਾਰਾਂ ਵਲ ਦੌੜਦੇ ਮਨ ਨੂੰ ਵਸ ਕਰ ਲੈਂਦੇ ਹਨ ਅਤੇ ਅਸਥਿਰ ਮਤਿ ਵਾਲੇ ਸਹਜ-ਸੁਖ ਵਿਚ ਸਮਾ ਜਾਂਦੇ ਹਨ।੭੮।

ਬੋਹਿਥਿ ਪ੍ਰਵੇਸ ਭਏ ਨਿਰਭੈ ਹੁਇ ਪਾਰਗ੍ਰਾਮੀ,
ਬੋਹਿਥ ਸਮੀਪ ਬੂਡਿ ਮਰਤ ਅਭਾਗੇ ਹੈ ॥
ਚੰਦਨ ਸਮੀਪ ਦੁਰਗੰਧ ਸੋ ਸੁਗੰਧ ਹੋਹਿ,
ਦੂਰੰਤਰ ਤਰੁ ਗੰਧ ਮਾਰੁਤ ਨ ਲਾਗੇ ਹੈ ॥
ਸਿਹਜਾ ਸੰਜੋਗ ਭੋਗ ਨਾਰਿ ਗਰ ਹਾਰ ਹੋਤ,
ਪੁਰਖ ਬਿਦੇਸਿ ਕੁਲ ਦੀਪਕ ਨ ਜਾਗੇ ਹੈ ॥
ਸ੍ਰੀ ਗੁਰ ਕ੍ਰਿਪਾ ਨਿਧਾਨ ਸਿਮਰਨ ਗਿਆਨ ਧਿਆਨ,
ਗੁਰਮੁਖਿ ਸੁਖ ਫਲ ਪਲ ਅਨੁਰਾਗੇ ਹੈ ॥੭੯॥

**ਪਦ ਅਰਥ :**—ਬੋਹਿਥਿ—ਜਹਾਜ਼ ਵਿਚ। ਪ੍ਰਵੇਸ ਭਏ—ਬੈਠ ਕੇ। ਨਿਰਭੈ—ਡਰ ਤੋਂ ਬਿਨਾਂ। ਪਾਰਗ੍ਰਾਮੀ—


www.AKJ.Org

ਪਾਰ ਜਾਣ ਵਾਲਾ। ਸਮੀਪ—ਨੇੜੇ। ਅਭਾਗੇ—ਮੰਦ-ਭਾਗੀ, ਖੋਟੇ-ਭਾਗਾਂ ਵਾਲੇ। ਹੋਹਿ—ਹੁੰਦੇ ਹਨ। ਦੂਰੰਤਰ—ਦੂਰ ਦੁਰੇਡੇ। ਤਰੁ—ਬ੍ਰਿਛ। ਗੰਧ-ਮਾਰੁਤ—(ਚੰਦਨ ਦੀ) ਸੁਗੰਧੀ ਵਾਲੀ ਪਉਣ। ਨਾਰਿ—(ਪਤੀਬ੍ਰਤਾ) ਇਸਤ੍ਰੀ। ਪੁਰਖ—ਪਤੀ। ਕ੍ਰਿਪਾ ਨਿਧਾਨ—ਕਿਰਪਾ ਦੇ ਭੰਡਾਰ। ਗਿਆਨ—ਉਪਦੇਸ਼। ਪਲ ਅਨੁਰਾਗੇ—ਪਲ ਭਰ ਪ੍ਰੀਤੀ ਕੀਤਿਆਂ। ਅਨੁਰਾਗ—ਪ੍ਰੇਮ, ਪਿਆਰ।

**ਅਰਥ** :—ਜਹਾਜ਼ ਵਿਚ ਬਹਿ ਜਾਈਏ ਤਾਂ ਨਿਡਰ ਹੋ ਕੇ (ਸਮੁੰਦਰ ਤੋਂ) ਪਾਰ ਹੋ ਜਾਣ ਵਾਲਾ ਹੋਈਦਾ ਹੈ, ਪਰ ਜਹਾਜ਼ ਦੇ ਨੇੜੇ ਹੁੰਦਿਆਂ ਵੀ ਮੰਦਭਾਗੀ ਡੁਬ ਮਰਦੇ ਹਨ।

ਚੰਦਨ ਦੇ ਨੇੜੇ ਹੋਣ ਵਾਲੇ (ਹਰਿੰਡ ਆਦਿ) ਮੰਦੀ ਵਾਸ਼ਨਾ ਵਾਲੇ ਬ੍ਰਿਛ ਸੁਗੰਧੀ ਵਾਲੇ ਹੋ ਜਾਂਦੇ ਹਨ, ਪਰ ਦੂਰ ਦੁਰਾਡੇ ਦੇ ਬ੍ਰਿਛ ਨੂੰ ਚੰਦਨ ਦੀ ਸੁਗੰਧੀ ਵਾਲੀ ਵਾਯੂ ਨਹੀਂ ਪੁਜ ਸਕਦੀ।

ਸਿਹਜਾ ਤੇ (ਪਤੀ ਨੂੰ) ਮਾਨਣ ਲਈ ਪਤੀਬ੍ਰਤਾ ਇਸਤ੍ਰੀ (ਪਤੀ ਦੇ) ਗਲੇ ਦਾ ਹਾਰ ਹੋ ਜਾਂਦੀ ਹੈ, (ਪਰ ਜਿਸ ਨੂੰ) ਪਤੀ (ਛਡ ਕੇ) ਪਰਦੇਸ ਵਿਚ ਚਲਾ ਗਿਆ ਹੈ, ਉਸ ਦੀ ਕੁਲ ਦਾ ਦੀਵਾ ਨਹੀਂ ਜਗਦਾ। (ਭਾਵ, ਉਸ ਨੂੰ ਪੁੱਤਰ ਦੀ ਪ੍ਰਾਪਤੀ ਨਹੀਂ ਹੁੰਦੀ)।

ਇਸੇ ਤਰ੍ਹਾਂ ਸਤਿਗੁਰੂ ਨੂੰ ਪਰਤੱਖ ਨਿਕਟ ਕਰ ਜਾਣਨ ਵਾਲੇ ਗੁਰਮੁਖ ਸਿਖ ਸੇਵਕ ਵਲੋਂ ਕਿਰਪਾ ਦੇ ਭੰਡਾਰ ਸਤਿਗੁਰੂ ਜੀ ਦੇ ਬਖਸ਼ੇ ਸਿਮਰਨ, ਉਪਦੇਸ਼ ਅਤੇ ਧਿਆਨ ਨੂੰ ਇਕ ਪਲ ਭਰ ਪਿਆਰ ਕੀਤੇ ਜਾਣ ਨਾਲ, ਉਸ ਨੂੰ ਆਤਮ-ਸੁਖ ਦਾ ਫਲ ਪ੍ਰਾਪਤ ਹੁੰਦਾ ਹੈ, (ਪਰ ਜੋ ਅੰਤਰ-ਆਤਮੇ ਤੋਂ ਸਤਿਗੁਰੂ ਦੀ ਨੇੜਤਾ, ਹਜ਼ੂਰੀ ਨਹੀਂ ਪ੍ਰਤੀਤ ਕਰਦਾ, ਉਹ ਇਸ ਆਤਮ-ਸੁਖ ਨੂੰ ਕਿਵੇਂ ਲੈ ਸਕਦਾ ਹੈ) ।੭੯।

**ਚਰਨ ਕਮਲ ਕੋ ਮਹਾਤਮ ਅਗਾਧ ਬੋਧ,**
**ਅਤਿ ਅਸਚਰਜ-ਮੈ ਨਮੋ ਨਮੋ ਨਮ ਹੈ॥**
**ਕੋਮਲ ਕੋਮਲਤਾ ਅਉ ਸੀਤਲ ਸੀਤਲਤਾ ਕੈ,**
**ਬਾਸਨਾ ਸੁਬਾਸ ਤਾਸ, ਦੁਤੀਆ ਨ ਸਮ ਹੈ॥**
**ਸਹਜ ਸਮਾਧਿ ਨਿਜ ਆਸਨ ਸਿੰਘਾਸਨ ਮੈ,**
**ਸ੍ਵਾਦ ਬਿਸਮਾਦ ਰਸ ਗੰਮਤਾ ਅਗਮ ਹੈ॥**
**ਰੂਪ ਕੈ ਅਨੂਪ ਰੂਪ, ਮਨ ਮਨਸਾ ਥਕਤ,**
**ਅਕਥ ਕਥਾ ਬਿਨੋਦ ਬਿਸਮੈ ਬਿਸਮ ਹੈ॥੮੦॥**

**ਪਦ ਅਰਥ** : ਮਹਾਤਮ—ਵਡਿਆਈ। ਅਗਾਧ ਬੋਧ—ਸਮਝ ਸੋਝੀ ਤੋਂ ਪਰੇ। ਅਸਚਰਜ ਮੈ—ਅਸਚਰਜ ਰੂਪ। ਨਮੋ—ਨਮਸਕਾਰ। ਅਉ—ਅਤੇ। ਕੈ—ਕਰਕੇ। ਬਾਸਨਾ—ਸੁਗੰਧੀ। ਸੁਬਾਸ—ਸੁਗੰਧੀ। ਤਾਸ ਸਮ—ਤਿਸ ਦੇ ਬਰਾਬਰ, ਉਸ ਦੇ ਤੁਲ। ਦੁਤੀਆ—ਹੋਰ ਕੋਈ। ਨਿਜ—ਨਿਜ ਸਰੂਪ ਵਿਚ। ਆਸਨ ਸਿੰਘਾਸਨ—ਸਿੰਘਾਸਨ ਤੇ ਆਸਨ ਜਮਾ ਕੇ। ਸ੍ਵਾਦ ਬਿਸਮਾਦ—ਅਲੋਕਿਕ ਅਸਚਰਜ ਸਵਾਦ। ਗੰਮਤਾ—ਪਹੁੰਚ। ਅਗਮ—ਅਪਹੁੰਚ, ਪਹੁੰਚ ਤੋਂ ਪਰੇ। ਰੂਪ ਕੈ—ਸੁੰਦਰਤਾ ਕਰਕੇ। ਅਨੂਪ—ਬੇਮਿਸਾਲ। ਮਨਸਾ—ਕਾਮਨਾ। ਬਿਨੋਦ—ਕੌਤਕ। ਬਿਸਮੈ ਬਿਸਮ—ਹੈਰਾਨ ਤੋਂ ਹੈਰਾਨ ਕਰ ਦੇਣ ਵਾਲੀ।

**ਅਰਥ** : (ਸਤਿਗੁਰੂ ਦੇ) ਚਰਨ ਕਮਲਾਂ ਦੀ ਵਡਿਆਈ ਸਮਝ ਸੋਝੀ ਤੋਂ ਬਹੁਤ ਪਰੇ ਹੈ, ਬਹੁਤ ਹੀ ਅਸਚਰਜ ਰੂਪ ਹੈ, ਉਨ੍ਹਾਂ ਨੂੰ ਬਾਰ ਬਾਰ ਨਮਸਕਾਰ ਹੈ।

(ਦੁਨੀਆ ਭਰ ਦੀ) ਕੋਮਲਤਾ ਤੋਂ ਵੀ ਉਹ ਕੋਮਲ ਹਨ ਅਤੇ ਸੀਤਲਤਾ ਕਰਕੇ ਅਤੀ ਸੀਤਲ ਹਨ। ਉਨ੍ਹਾਂ ਦੀ ਸੁਗੰਧੀ ਦੇ ਤੁਲ ਕੋਈ ਹੋਰ ਸੁਗੰਧੀ ਨਹੀਂ ਹੈ।

(ਜਿਸ ਗੁਰੂ ਕੇ ਅਨਿੰਨ ਸੇਵਕ ਨੇ) ਸਤਿਗੁਰੂ ਦੇ ਚਰਨ-ਕਮਲਾਂ ਦੇ ਸਿੰਘਾਸਨ ਤੇ ਆਸਨ ਜਮਾ ਕੇ, ਨਿਜ ਸਰੂਪ ਵਿਚ ਟਿਕ ਕੇ ਸਹਜ ਸਮਾਧੀ ਲਾਈ ਹੈ, (ਭਾਵ, ਜਿਸ ਸਨਮੁਖ ਗੁਰਸਿਖ ਨੇ ਸਤਿਗੁਰੂ ਦੇ ਚਰਨ ਕਮਲਾਂ



www.AKJ.Org

ਦੇ ਧਿਆਨ ਵਿਚ ਜੁੜ ਕੇ ਨਾਮ-ਸਿਮਰਨ ਦੀ ਅਖੰਡਾਕਾਰ ਘਾਲ ਕਮਾਈ ਕੀਤੀ ਹੈ), ਉਸ ਗੁਰਸਿਖ ਦੇ ਨਾਮ-ਅੰਮ੍ਰਿਤ-ਰਸ ਭੁੰਚਣ ਦਾ ਸਵਾਦ ਅਲੌਕਿਕ ਹੈ, (ਜਿਸ ਦਾ ਕਥਨ) ਪਹੁੰਚ ਤੋਂ ਪਰੇ ਹੈ ।

ਸੁੰਦਰਤਾ ਕਰਕੇ ਸਤਿਗੁਰੂ ਦੇ ਚਰਨ ਕਮਲਾਂ ਦੀ ਸੁੰਦਰਤਾ ਬੇਮਿਸਾਲ ਹੈ, ਉਸ ਨੂੰ ਬਿਆਨ ਕਰਨ ਲਈ ਮਨ ਦੀ ਕਾਮਨਾ ਥੱਕ ਜਾਂਦੀ ਹੈ, (ਭਾਵ, ਬਿਆਨ ਨਹੀਂ ਕਰ ਸਕਦੀ) । ਚਰਨ ਕਮਲਾਂ ਦੀ ਵਡਿਆਈ ਦੀ ਕਥਾ ਕਥੀ ਨਹੀਂ ਜਾ ਸਕਦੀ, ਇਹ ਕੌਤਕ ਹੈਰਾਨ ਤੋਂ ਹੈਰਾਨ ਕਰ ਦੇਣ ਵਾਲਾ ਹੈ ।੯੦।

**ਸਤਿਗੁਰ ਦਰਸਨ ਸਬਦ ਅਗਾਧ ਬੋਧ,**
**ਅਬਿਗਤਿ ਗਤਿ ਨੇਤਿ ਨੇਤਿ ਨਮੋ ਨਮ ਹੈ ॥**
**ਦਰਸ ਧਿਆਨ ਅਰੁ ਸਬਦ ਗਿਆਨ ਲਿਵ,**
**ਗੁਪਤ ਪ੍ਰਗਟ ਠਟ ਪੂਰਨ ਬ੍ਰਹਮ ਹੈ ॥**
**ਨਿਰਗੁਨ ਸਰਗੁਨ ਕੁਸਮਾਵਲੀ ਸੁਗੰਧਿ ਸੰਧਿ,**
**ਏਕ ਅਉ ਅਨੇਕ ਰੂਪ ਗੰਮਿਤਾ ਅਗਮ ਹੈ ॥**
**ਪਰਮਦਭੁਤ ਅਸਚਰਜੈ ਅਸਚਰਜ-ਮੈ,**
**ਅਕਥ ਕਥਾ ਅਲਖ ਬਿਸਮੈ ਬਿਸਮ ਹੈ ॥੯੧॥**

**ਪਦ ਅਰਥ** : ਅਗਾਧ–ਡੂੰਘਾ, ਗੰਭੀਰ, ਪਹੁੰਚ ਤੋਂ ਪਰੇ । ਬੋਧ–ਗਿਆਨ, ਸੋਝੀ । ਅਬਿਗਤਿ–ਅਬਿਨਾਸ਼ੀ, ਅਦ੍ਰਿਸ਼ਟ ਵਾਹਿਗੁਰੂ । ਗਤਿ–ਵਾਂਗ । ਨੇਤਿ ਨੇਤਿ–ਨ ਇਤੀ ਨ ਇਤੀ, ਨਹੀਂ ਹੈ ਇਸ ਵਰਗਾ, ਬੇਅੰਤ । ਨਮੋ ਨਮ–ਬਾਰ ਬਾਰ ਨਮਸਕਾਰ । ਠਟ–ਪਸਾਰਾ । ਨਿਰਗੁਣ–ਮਾਇਆ ਦੇ ਤਿੰਨ ਗੁਣਾਂ ਰਹਿਤ ਵਾਹਿਗੁਰੂ । ਸਰਗੁਣ–ਮਾਇਆ ਦੇ ਤਿੰਨ ਗੁਣਾਂ ਸਹਿਤ ਵਾਹਿਗੁਰੂ । ਕੁਸਮਾਵਲੀ–ਫੁਲਾਂ ਦੀ ਕਿਆਰੀ । ਸੰਧਿ–ਸੰਧੀ, ਮੇਲ । ਅਉ–ਅਤੇ । ਗੰਮਿਤਾ–ਪਹੁੰਚ । ਅਗਮ–ਅਪਹੁੰਚ । ਪਰਮਦਭੁਤ–ਪਰਮ ਅਦਭੁਤ, ਅਤਿ ਅਸਚਰਜ । ਅਸਚਰਜ ਮੈ–ਅਸਚਰਜ ਰੂਪ । ਅਲਖ–ਸਮਝ ਤੋਂ ਪਰੇ । ਬਿਸਮੈ ਬਿਸਮ–ਹੈਰਾਨ ਹੀ ਹੈਰਾਨ ਕਰਨ ਵਾਲੀ ।

**ਅਰਥ** : ਸਤਿਗੁਰੂ ਦੇ ਦਰਸ਼ਨ ਅਤੇ ਉਨ੍ਹਾਂ ਦੇ ਬਖ਼ਸ਼ੇ ਸ਼ਬਦ-ਉਪਦੇਸ਼ (ਦੀ ਕਲਾ) ਨੂੰ ਜਾਣ ਸਕਣਾ ਅਤਿ ਗੰਭੀਰ ਹੈ, ਸਮਝ ਸੋਝੀ ਤੋਂ ਪਰੇ ਹੈ, ਅਬਿਨਾਸ਼ੀ ਪ੍ਰਭੂ ਵਾਂਗ ਬੇਅੰਤ ਬੇਅੰਤ ਹੈ ਅਤ ਉਸ ਨੂੰ ਬਾਰੰਬਾਰ ਨਮਸਕਾਰ ਹੈ ।

ਸਤਿਗੁਰੂ ਦੇ ਦਰਸ਼ਨ ਦਾ ਧਿਆਨ ਕਰਨ ਅਤੇ ਗੁਰ-ਗਿਆਨ-ਸ਼ਬਦ ਵਿਚ, (ਭਾਵ, ਨਾਮ ਸਿਮਰਨ ਵਿਚ) ਲਿਵ ਜੋੜਨ ਦੇ ਤੁਫ਼ੈਲ ਅਣਦਿਸਦੇ ਪਸਾਰੇ ਵਿਚ ਪੂਰਨ ਬ੍ਰਹਮ ਵਾਹਿਗੁਰੂ ਪਸਰਿਆ ਪ੍ਰਗਟ ਹੋ ਆਉਂਦਾ ਹੈ ।

ਫੁੱਲਾਂ ਦੀ ਕਿਆਰੀ ਵਿਚ ਮਿਲੀ ਸੁਗੰਧੀ ਵਾਂਗ, ਇਕ ਨਿਰਗੁਣ ਵਾਹਿਗੁਰੂ ਅਨੇਕ ਸਰਗੁਣ ਸਰੂਪਾਂ ਵਿਚ "ਏਕ ਅਨੇਕ ਬਿਆਪਕ ਪੂਰਕ"* ਦੀ ਸੋਝੀ ਹੋ ਆਉਣ ਤੇ, ਅਗੰਮ ਵਾਹਿਗੁਰੂ ਦੀ ਗੰਮਿਤਾ (ਪਹੁੰਚ) ਹੋ ਆਉਂਦੀ ਹੈ ।

(ਸਤਿਗੁਰੂ ਦਾ ਦਰਸ਼ਨ ਅਤੇ ਉਨ੍ਹਾਂ ਦਾ ਬਖ਼ਸ਼ਿਆ ਸ਼ਬਦ-ਉਪਦੇਸ਼) ਪਰਮ ਅਦਭੁਤ ਹੈ, ਅਸਚਰਜ ਤੋਂ ਭੀ ਅਸਚਰਜ ਰੂਪ ਹੈ, ਉਸ ਦੀ ਕਥਾ ਕਥੀ ਨਹੀਂ ਜਾ ਸਕਦੀ, ਉਹ ਸਮਝ ਤੋਂ ਪਰੇ ਹੈ ਅਤੇ ਹੈਰਾਨ ਤੋਂ ਹੈਰਾਨ ਕਰ ਦੇਣ ਵਾਲੀ ਹੈ ।੯੧।

**ਸਤਿਗੁਰੁ ਦਰਸ ਧਿਆਨ ਗਿਆਨ ਅੰਜਨ ਕੈ,**
**ਮਿਤ੍ਰ ਸਤ੍ਰਤਾ ਨਿਵਾਰੀ ਪੂਰਨ ਬ੍ਰਹਮ ਹੈ ॥**
**ਗੁਰ ਉਪਦੇਸ ਪਰਵੇਸ ਆਦਿ ਕਉ ਅਦੇਸ,**
**ਉਸਤਤਿ ਨਿੰਦਾ ਮੇਟਿ, ਗੰਮਿਤਾ ਅਗਮ ਹੈ ॥**
**ਚਰਨ ਸਰਨ ਗਹੇ ਧਾਵਤ ਬਰਜਿ ਰਾਖੇ,**
**ਆਸਾ ਮਨਸਾ ਥਕਤ, ਸਫਲ ਜਨਮ ਹੈ ॥**

*ਆਸਾ ਨਾਮਦੇਉ ਜੀ, ਪੰਨਾ ੪੮੫



www.AKJ.Org

ਸਾਧ ਸੰਗਿ ਪ੍ਰੇਮ ਨੇਮ, ਜੀਵਨ ਮੁਕਤਿ ਗਤਿ,
ਕਾਮ ਨਿਹਕਾਮ ਨਿਹਕਰਮ ਕਰਮ ਹੈ ॥੯੨॥

**ਪਦ ਅਰਥ** : ਗਿਆਨ ਅੰਜਨ–ਗਿਆਨ ਦਾ ਸੁਰਮਾ, ਨਾਮ-ਸਿਮਰਨ ਤੋਂ ਭਾਵ ਹੈ। ਸਤ੍ਰਤਾ–ਦੁਸ਼ਮਣੀ। ਨਿਵਾਰੀ–ਮਿਟ ਜਾਂਦੀ। ਪਰਵੇਸ–(ਹਿਰਦੇ ਵਿਚ) ਵਸਾਇਆਂ। ਆਦਿ–ਆਦਿ ਪੁਰਖ ਵਾਹਿਗੁਰੂ। ਅਦੇਸ–ਨਮਸਕਾਰ, ਨਿਮਰਤਾ ਸਹਿਤ ਜੁਹਾਰ ਕਰਨੀ। ਗੰਮਿਤਾ–ਪਹੁੰਚ। ਅਗਮ–ਅਪਹੁੰਚ। ਗਹੇ–ਪਕੜਿਆਂ, ਲਿਆਂ। ਧਾਵਤ–(ਵਿਸ਼ੇ-ਵਿਕਾਰਾਂ ਵਲ) ਦੌੜਦਾ ਮਨ। ਬਰਜ ਰਾਖੇ–ਰੋਕ ਲਈਦਾ ਹੈ। ਥਕਤ–ਮੁਕ ਜਾਂਦੀ। ਜੀਵਨ ਮੁਕਤਿ–ਜੀਉਂਦੇ-ਜੀ ਦੁਨਿਆਵੀ ਧੰਧਿਆਂ ਵਲੋਂ ਖਲਾਸੀ ਹੋਣੀ। ਗਤਿ–ਗਤੀ। ਕਾਮ ਨਿਹਕਾਮ–ਦੁਨੀਆਵੀ ਕਾਮਨਾਵਾਂ ਤੋਂ ਰਹਿਤ। ਨਿਹਕਰਮ ਕਰਮ–ਨਿਸ਼ਕਾਮ ਭਾਵਨਾ ਸਹਿਤ ਕੀਤੇ ਸ਼ੁਭ ਕਰਮ।

**ਅਰਥ** : ਸਤਿਗੁਰੂ ਦੇ ਦਰਸ਼ਨ ਦਾ ਧਿਆਨ ਧਰਿਆਂ ਅਤੇ ਗੁਰ-ਗਿਆਨ ਦਾ ਸੁਰਮਾ ਪਾ ਕੇ, (ਭਾਵ, ਨਾਮ-ਸਿਮਰਨ ਦੀ ਘਾਲ-ਕਮਾਈ ਕਰਨ ਨਾਲ) (ਹਿਰਦਿਓਂ) ਮਿਤਰਤਾ ਤੇ ਦੁਸ਼ਮਣੀ ਮਿਟ ਜਾਂਦੀ ਹੈ ਅਤੇ ਹਰ ਪਾਸੇ ਪੂਰਨ ਬ੍ਰਹਮ ਵਾਹਿਗੁਰੂ ਨਜ਼ਰੀ ਆਉਂਦਾ ਹੈ।

ਸਤਿਗੁਰੂ ਦੇ ਉਪਦੇਸ਼, ਗੁਰ-ਸ਼ਬਦ ਨੂੰ ਅੰਤਰ ਆਤਮੇ ਵਸਾਇਆਂ ਹੀ ਆਦਿ ਪੁਰਖ ਵਾਹਿਗੁਰੂ ਨੂੰ ਜੁਹਾਰਾਂ ਹੁੰਦੀਆਂ ਹਨ, (ਭਾਵ, ਨਿਮਰਤਾ ਸਹਿਤ ਸਿਫ਼ਤ ਸਲਾਹ ਵਿਚ ਜੁੜੀਦਾ ਹੈ), ਉਸਤਤ ਨਿੰਦਾ ਮਿਟ ਜਾਂਦੀ ਹੈ ਅਤੇ ਅਪਹੁੰਚ ਵਾਹਿਗੁਰੂ ਤਕ ਪਹੁੰਚ ਹੋ ਜਾਂਦੀ ਹੈ।

ਸਤਿਗੁਰੂ ਦੇ ਚਰਨਾਂ ਦੀ ਸ਼ਰਨ ਲਿਆਂ, ਵਿਸ਼ੇ ਵਿਕਾਰਾਂ ਵਲ ਦੌੜਦਾ ਮਨ ਰੋਕਿਆ ਜਾ ਸਕਦਾ ਹੈ ਅਤੇ ਆਸਾ ਮਨਸਾ ਥਕ ਜਾਂਦੀਆਂ ਹਨ, (ਭਾਵ, ਮੁਕ-ਚੁਕ ਜਾਂਦੀਆਂ ਹਨ), ਇਉਂ ਮਨੁਖਾ ਜਨਮ ਸਫਲ ਹੁੰਦਾ ਹੈ।

ਸਤ ਪੁਰਖਾਂ ਦੀ ਸੰਗਤ ਵਿਚ ਮਿਲ ਕੇ ਪ੍ਰੇਮ ਦਾ ਨੇਮ ਨਿਭਦਾ ਹੈ ਅਤੇ ਜੀਵਨ-ਮੁਕਤ ਗਤੀ ਨੂੰ ਪ੍ਰਾਪਤ ਹੋਈਦਾ ਹੈ, ਸੰਸਾਰਕ ਕਾਮਨਾਵਾਂ ਵਲੋਂ ਸ਼ਾਂਤ ਹੋ ਜਾਈਦਾ ਹੈ ਅਤੇ ਨਿਸ਼ਕਾਮ ਭਾਵਨਾ ਵਿਚ ਸ਼ੁਭ ਕਰਮਾਂ–ਸੇਵਾ-ਸਿਮਰਨ ਆਦਿ ਵਿਚ ਲਗੀਦਾ ਹੈ।੯੨।

---

[ਸਫ਼ਾ ੨੦ ਦੀ ਬਾਕੀ]

ਇਸ ਸਾਰੇ ਵਿਵਰਣ ਦਾ ਸਿੱਟਾ ਇਹ ਨਿਕਲਦਾ ਹੈ ਕਿ ੧੬੯੯ ਨੂੰ ਵਿਸਾਖੀ ਵਾਲੇ ਦਿਨ ਕੇਸਗੜ੍ਹ ਸਾਹਿਬ ਦੇ ਸਥਾਨ ਤੇ ਅੰਮ੍ਰਿਤ ਦੀ ਦਾਤਿ ਬਖਸ਼ ਕੇ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖਾਲਸੇ ਦੀ ਜੋ ਸਾਜਨਾ ਕੀਤੀ ਸੀ, ਉਹ ਕੋਈ ਮਾਮੂਲੀ ਜਿਹੀ ਘਟਨਾ ਨਹੀਂ ਸੀ। ਇਹ ਸਿਖ-ਇਤਿਹਾਸ ਦਾ ਉਹ ਕਾਂਡ ਹੈ, ਜਿਸ ਦਾ ਅਸਰ ਉਸ ਤੋਂ ਪਿਛੋਂ ਦੇ ਸਾਰੇ ਸਿਖ ਇਤਿਹਾਸ ਤੇ ਪਿਆ ਹੈ। ੧੬੯੯ ਤੋਂ ਪਿਛੋਂ ਦਾ ਸਿਖ ਇਤਿਹਾਸ ਖ਼ੂਨੀ ਪਤਰਿਆਂ ਤੇ ਲਹੂ-ਭਿਜੀ ਕਲਮ ਨਾਲ ਲਿਖਿਆ ਹੋਇਆ ਹੈ।

ਅੱਜ ਕੌਮ ਸੰਕਟਮਈ ਕਾਲ ਵਿਚੋਂ ਲੰਘ ਰਹੀ ਹੈ। ਇਸ ਸੰਕਟ ਵਿਚੋਂ ਸੁਰਖ਼ਰੂ ਹੋਣ ਤੇ ਸਫਲਤਾ ਨਾਲ ਔਕੜਾਂ ਦਾ ਟਾਕਰਾ ਕਰਨ ਦਾ ਇਕੋ ਇਕ ਸਫਲ ਢੰਗ ਇਹ ਹੈ ਕਿ ਹਰ ਸਿੱਖ, ਜਿਸ ਨੇ ਅਜੇ ਤਕ ਅੰਮ੍ਰਿਤ ਨਹੀਂ ਛਕਿਆ ਤੇ ਰਹਿਤ-ਬਹਿਤ ਵਿਚ ਪੱਕਾ ਨਹੀਂ, ਉਹ ਅੰਮ੍ਰਿਤਧਾਰੀ ਬਣੇ, ਰਹਿਤ-ਬਹਿਤ 'ਚ ਪੱਕਾ ਹੋਵੇ ਤੇ ਪੰਜਾਂ ਕਕਾਰ ਧਾਰਨ ਕਰਨ ਵਿਚ ਗੌਰਵਤਾ ਮਹਿਸੂਸ ਕਰੇ ਅਤੇ ਗੁਰੂ ਦੇ ਨਾਂ ਤੋਂ ਸਭ ਕੁਝ ਨਿਛਾਵਰ ਕਰਨ ਅਤੇ ਹਰ ਪ੍ਰਕਾਰ ਦੀ ਕੁਰਬਾਨੀ ਕਰਨ ਲਈ ਤਿਆਰ ਰਹੇ। ੧੬੯੯ ਵਾਲੇ ਵਿਸਾਖੀ ਦੇ ਦਿਨ ਗੁਰੂ ਦਸਮ ਪਾਤਸ਼ਾਹ ਨੇ ਅੰਮ੍ਰਿਤ ਦੀ ਦਾਤਿ ਬਖਸ਼ ਕੇ ਪੰਥ ਸਾਜਿਆ ਸੀ। ੧੯੯੯ ਦੀ ਵਿਸਾਖੀ ਨੂੰ ਪੰਥ ਸਾਜੇ ਨੂੰ ਪੂਰੇ ਤਿੰਨ ਸੌ ਸਾਲ ਹੋਣ ਵਾਲੇ ਹਨ। ਆਓ! ਪ੍ਰਣ ਕਰੀਏ ਕਿ ੧੯੯੯ ਦੀ ਵਿਸਾਖੀ ਤਕ ਸਮੁੱਚੀ ਸਿੱਖ ਕੌਮ ਨੂੰ ਅੰਮ੍ਰਿਤਧਾਰੀ ਬਨਾਉਣ ਦੇ ਯਤਨਾਂ ਵਿਚ ਆਪਣਾ ਪੂਰਾ ਯੋਗਦਾਨ ਪਾਵਾਂਗੇ। ਸਿੱਖੀ ਸਰੂਪ ਨੂੰ ਬਚਾਉਣ ਤੇ ਆਪਣੀ ਹੋਂਦ ਕਾਇਮ ਰੱਖਣ ਦਾ ਇਹ 'ਇਕੋ ਇਕ ਵਸੀਲਾ ਹੈ। ਇਸ ਤੋਂ ਬਿਨਾਂ ਕਲਿਆਣ ਨਹੀਂ। ਸਭ ਸ਼ਕਤੀਆਂ ਤੇ ਵਡਿਆਈਆਂ ਸਿੰਘਾਂ ਦੇ ਦਰ ਤੇ ਤਾਂ ਹੀ ਹਾਜ਼ਰ ਹੋਣਗੀਆ ਜੇ ਅਸੀਂ ਗੁਰੂ ਵਾਲੇ ਬਣ ਕੇ ਆਪਣਾ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਤੇ ਮਾਤਾ ਸਾਹਿਬ ਕੌਰ ਜੀ ਮੰਨਣ ਵਿਚ ਗੌਰਵ ਮਹਿਸੂਸ ਕਰਾਂਗੇ ਅਤੇ ਜਿਨ੍ਹਾਂ ਨੇ ਅਜੇ ਤਕ ਗੁਰੂ ਵਾਲੇ ਹੋਣ ਦਾ ਮਾਣ ਪ੍ਰਾਪਤ ਨਹੀਂ ਕੀਤਾ, ਉਹ ਹੁਣ ਇਹ ਮਾਣ ਪ੍ਰਾਪਤ ਕਰਨ ਲਈ ਦੇਰੀ ਨਾ ਕਰਨ।

www.AKJ.Org

# ਇਕ ਚਮਤਕਾਰ

## (ਰੀ:) ਮੇਜਰ ਮੁਹੰਮਦ ਸਾਦਿਕ ਨੂੰ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਿਵੇਂ ਹੋਏ ?

ਮੇਜਰ ਮੁਹੰਮਦ ਸਾਦਿਕ ਜੀ ਦੀ ਜ਼ਬਾਨੀ ਆਪਣੀ ਵਾਰਤਾ ਇਕ ਪੁਸਤਕ ਦੇ ਮੁਖ-ਬੰਧ ਵਿਚ ਛਪੀ ਹੈ। ਇਹ ਪੁਸਤਕ 'ਸ੍ਰੀ ਗੁਰੂ ਨਾਨਕ ਦੇਵ' (ਅੰਗਰੇਜ਼ੀ) ਪਹਿਲੀ ਵਾਰ ੧੯੪੫ ਵਿਚ ਸ: ਭਗਤ ਸਿੰਘ ਨੇ ਲਿਖੀ ਤੇ ਛਪਵਾਈ। ੧੯੭੬ ਵਿਚ ਇਸ ਪੁਸਤਕ ਨੂੰ ਖ਼ੁਰਸ਼ੀਦ ਅਹਿਮਦ ਅਨਵਰ ਨੇ ਰਾਵਲਪਿੰਡੀ ਤੋਂ ਦੁਬਾਰਾ ਛਪਵਾਇਆ। ਇਨ੍ਹਾਂ ੩੧ ਸਾਲਾਂ ਦੌਰਾਨ ਅਨਵਰ ਸਾਹਿਬ ਦੇ ਮਿੱਤਰ, ਜੋ ਪਾਕਿਸਤਾਨ ਫੌਜ ਦੇ ਰੀਟਾਇਰਡ ਮੇਜਰ ਸਨ, ਨੂੰ ਸ੍ਰੀ ਪੰਜਾ ਸਾਹਿਬ ਵਿਖੇ ਸਕਿਊਰਟੀ ਗਾਰਡ ਦਾ ਅਫਸਰ ਨਿਯੁਕਤ ਕੀਤਾ ਗਿਆ। ਉਹ ਦਸ ਸਾਲ ਤੋਂ ਵਧ ਇਸ ਅਸਥਾਨ ਤੇ ਸਕਿਊਰਟੀ ਅਫਸਰ ਰਹੇ। ਇਨ੍ਹਾਂ ਦਸਾਂ ਸਾਲਾਂ ਦੌਰਾਨ ਉਨ੍ਹਾਂ ਨੇ ਦੋ ਵਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਰਤੱਖ ਦਰਸ਼ਨ ਕੀਤੇ, ਜਿਸਨੂੰ ਉਹਨਾਂ ਵਲੋਂ ਉਸ ਕਿਤਾਬ ਦੇ ਮੁਖ-ਬੰਧ ਵਜੋਂ ਛਾਪਿਆ ਗਿਆ। ਇਸ ਸਾਰੀ ਵਾਰਤਾ ਨੂੰ ਦਿੱਲੀ ਦੇ ਹਫਤਾਵਾਰ ਅਖਬਾਰ ਸ਼ੇਰ-ਏ-ਪੰਜਾਬ ਨੇ ੨੫ ਮਈ ੧੯੭੫ ਨੂੰ ਛਾਪਿਆ ਸੀ। ਮੇਜਰ ਸਾਦਿਕ ਨੇ ਜੋ ਮੁਖ ਬੰਧ ੧੯੭੬ ਵਿਚ ਲਿਖਿਆ ਸੀ ਉਸਦਾ ਪੰਜਾਬੀ ਅਨੁਵਾਦ ਪਾਠਕਾਂ ਲਈ ਹੇਠਾਂ ਦਿੱਤਾ ਜਾ ਰਿਹਾ ਹੈ।

ਬਚਪਨ ਤੋਂ ਹੀ ਮੇਰੇ ਮਨ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਲਈ ਬੜਾ ਆਦਰ ਸਤਿਕਾਰ ਸੀ। ਉਨ੍ਹਾਂ ਦੇ ਉਪਦੇਸ਼ ਕਿਤਨੇ ਮਹਾਨ ਅਤੇ ਕਿਤਨੇ ਸਾਦੇ ਸ਼ਬਦਾਂ ਵਿਚ ਹਨ। ਵੱਡਾ ਹੋ ਕੇ ਮੈਂ ਉਨ੍ਹਾਂ ਦੀਆਂ ਰਚਨਾਵਾਂ ਬੜੇ ਧਿਆਨ ਨਾਲ ਪੜ੍ਹੀਆਂ ਅਤੇ ਇਉਂ ਮੇਰੇ ਮਨ ਉਤੇ ਇਹੋ ਜਿਹੇ ਮਹਾਂ ਪੁਰਸ਼ ਦਾ ਚਿਤਰ ਉਕਰਿਆ ਗਿਆ।

ਉਨ੍ਹਾਂ ਦਿਨਾਂ ਵਿਚ ਮੈਂ ਕਦੀ ਸੋਚ ਵੀ ਨਹੀਂ ਸੀ ਸਕਦਾ ਕਿ ਕਦੇ ਮੇਰੇ ਭੀ ਭਾਗ ਜਾਗਣਗੇ ਤੇ ਮੈਨੂੰ ਉਨ੍ਹਾਂ ਦੇ ਨਾਮ ਤੇ ਬਣੇ ਤੀਰਥ-ਅਸਥਾਨ ਦੀ ਸੇਵਾ ਸੰਭਾਲ ਦਾ ਕੰਮ ਸੌਂਪਿਆਂ ਜਾਵੇਗਾ। ਮੈਂ ਸਮਝਦਾ ਹਾਂ ਕਿ ਮੇਰੀ ਉਨ੍ਹਾਂ ਲਈ ਭਾਵਨੀ ਨੂੰ ਫਲ ਲੱਗਾ ਤੇ ਇਹ ਸੇਵਾ ਮਿਲੀ।

ਪਿਛਲੇ ਦਸ ਸਾਲਾਂ ਤੋਂ ਮੈਂ ਇਸ ਅਸਥਾਨ ਦੀ ਸੇਵਾ ਕਰ ਰਿਹਾ ਹਾਂ। ਪੰਜਾ ਸਾਹਿਬ ਦੇ ਅੰਦਰ ਹੀ ਮੇਰਾ ਦਫਤਰ ਹੈ ਤੇ ਕੁਝ ਹੋਰ ਕਮਰੇ ਹਨ, ਜਿਥੇ ਮੈਂ ਕੰਮ ਕਰਦਾ ਹਾਂ ਤੇ ਕਈ ਵਾਰੀ ਰਾਤ ਵੀ ਉਥੇ ਆਰਾਮ ਕਰਦਾ ਹਾਂ।

ਇਕ ਰਾਤ ਬੜੀ ਅਜੀਬ ਘਟਨਾ ਘਟੀ। ਮੈਂ ਤੜਕਸਾਰ ਜਦੋਂ ਉਠਿਆ, ਨਿਮਾਜ਼ ਤੋਂ ਆਪਣੇ ਕਮਰੇ ਵਿਚੋਂ ਬਾਹਰ ਆਇਆ ਤਾਂ ਕੀ ਵੇਖਦਾ ਹਾਂ ਕਿ ਸ੍ਰੀ ਹਰਿਮੰਦਰ ਸਾਹਿਬ ਰੌਸ਼ਨੀ ਨਾਲ ਨੂਰੋ ਨੂਰ ਹੋਇਆ ਪਿਆ ਸੀ। ਪਹਿਲਾ ਪ੍ਰਸ਼ਨ ਮੇਰੇ ਮਨ ਵਿਚ ਇਹ ਉਠਿਆ ਕਿ ਬਿਨਾਂ ਮੇਰੀ ਆਗਿਆ ਦੇ ਸ੍ਰੀ ਦਰਬਾਰ ਸਾਹਿਬ ਦਾ ਜੰਦਰਾ ਕੋਈ ਖੋਲ੍ਹ ਨਹੀਂ ਸਕਦਾ, ਅੰਦਰ ਇਤਨੀ ਤੇਜ਼ ਰੌਸ਼ਨੀ ਕਿਵੇਂ ? ਚੁਪਕੇ ਚੁਪਕੇ ਮਲਕੜੇ ਜਿਹੇ ਮੈਂ ਹੌਲੀ ਜਿਹੀ ਦਰਵਾਜ਼ਾ ਖੋਲ੍ਹਿਆ, ਅੰਦਰ ਇਕ ਬੜੀ ਅਦਭੁਤ ਅਤੇ ਪ੍ਰਭਾਵਸ਼ਾਲੀ ਰੌਸ਼ਨੀ ਸੀ, ਜਿਸਨੇ ਮੇਰੇ ਮਨ ਤੇ ਇਕ ਡੂੰਘੀ ਛਾਪ ਲਾਈ, ਜਿਸਨੂੰ ਮੈਂ ਅਜੇ ਤਕ ਨਹੀਂ ਭੁਲ ਸਕਿਆ। ਸ੍ਰੀ ਦਰਬਾਰ ਸਾਹਿਬ ਦੇ ਅੰਦਰ ਬਿਜਲੀ ਦੇ ਚਾਨਣੇ ਨਾਲੋਂ ਵਧੇਰੇ ਸ਼ਕਤੀਸ਼ਾਲੀ ਅੱਖਾਂ ਚੁਧਿਆ ਦੇਣ ਵਾਲੀ ਰੌਸ਼ਨੀ ਸੀ।

ਅੰਦਰ ਮੈਂ ਕੀ ਵੇਖਦਾ ਹਾਂ ਕਿ ਇਕ ਹਸਤੀ ਚਿੱਟੇ ਦੁੱਧ ਕਪੜਿਆਂ ਵਿਚ ਖਲੋਤੀ ਹੈ ਅਤੇ ਨਾਲ ਉਸਦੇ ਦੋ ਸੇਵਕ ਹੋਰ ਵੀ ਹਨ। ਮੈਂ ਇਕ-ਦਮ ਉਨ੍ਹਾਂ ਦੇ ਚਰਨੀਂ ਜਾ ਡਿੱਗਾ। ਉਨ੍ਹਾਂ ਨੇ ਮੇਰਾ ਸਿਰ ਪਲੋਸਿਆ। ਮੈਂ ਆਪਣੇ ਆਪ ਨੂੰ ਵਡਭਾਗਾ ਅਤੇ ਮੈਂ ਖੁਸ਼-ਕਿਸਮਤ ਇਨਸਾਨ ਸਮਝਦਾ ਹਾਂ ਕਿ ਅੱਲ੍ਹਾ ਤਾਅਲਾ ਨੇ ਮੇਰੇ ਤੇ ਖ਼ਾਸ ਰਹਿਮਤ ਕੀਤੀ ਹੈ। ਪਰ ਜਦੋਂ ਮੱਥਾ ਟੇਕ ਕੇ ਮੈਂ ਸਿਰ ਚੁਕਿਆ ਤਾਂ ਮੇਰੇ ਚਾਰ ਚੁਫੇਰੇ ਹਨੇਰਾ ਹੀ ਹਨੇਰਾ ਸੀ, ਉਹ ਰੌਸ਼ਨੀ ਅਲੋਪ ਹੋ ਗਈ। ਉਥੇ ਬਿਜਲੀ ਦੀ ਰੌਸ਼ਨੀ ਵੀ ਨਹੀਂ ਸੀ। ਗੁਰੂ ਮਹਾਰਾਜ ਆਪਣੇ ਸੇਵਕਾਂ ਸਮੇਤ ਅਲੋਪ ਹੋ ਚੁੱਕੇ ਸਨ ਅਤੇ ਮੈਂ ਇਕ ਅਨੂਠੇ ਜਿਹੇ ਰਸ ਵਿਚ ਮਗਨ ਹੋ ਉਥੇ ਕਿੰਨਾ ਚਿਰ ਖੜ੍ਹਾ ਰਿਹਾ।

ਵੰਡ ਤੋਂ ਬਾਅਦ ਪਾਕਿਸਤਾਨ ਵਿਚ ਕੁਝ ਸਮਾਂ ਪਾ ਕੇ ਸ੍ਰੀ ਪੰਜਾ ਸਾਹਿਬ ਸੰਬੰਧੀ ਕਈ ਪ੍ਰਕਾਰ ਦੀਆਂ


www.AKJ.Org

ਲੋਕ-ਕਥਾਵਾਂ ਪ੍ਰਚਲਤ ਹੋ ਗਈਆਂ। ਕੋਈ ਕਹਿੰਦਾ ਇਹ ਅਸਥਾਨ ਬੋਧੀਆਂ ਦਾ ਹੈ। ਅਤੇ ਕੋਈ ਇਸ ਨੂੰ ਮੁਸਲਮਾਨਾਂ ਦੀ ਜ਼ਿਆਰਤ-ਗਾਹ ਦਸਦਾ। ਕੋਈ ਕਹਿੰਦੇ ਸਨ ਕਿ ਇਸ ਅਸਥਾਨ ਤੇ ਹਜ਼ਰਤ ਬਾਬਾ ਸ਼ੇਖ ਫਰੀਦ ਜੀ ਆਏ ਸਨ, ਇਸ ਕਰਕੇ ਇਸ ਅਸਥਾਨ ਨੂੰ ਉਹ ਆਪਣਾ ਦਸ ਕੇ ਇਸ ਉਤੇ ਕਬਜ਼ਾ ਕਰਨਾ ਚਾਹੁੰਦੇ ਸਨ। ਪਰ ਮੈਨੂੰ ਤਾਂ ਪਤਾ ਸੀ ਕਿ ਇਹ ਅਸਥਾਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੈ।

ਫਿਰ ਵੀ ਮੈਂ ਹੋਰ ਸੱਚ ਜਾਨਣ ਲਈ ਫ਼ਿਕਰਮੰਦ ਸਾਂ ਤੇ ਇਕ ਰਾਤ ਤਾਂ ਮੈਂ ਸੌਂ ਨਹੀਂ ਸਕਿਆ। ਮਨੋ ਮਨ ਮੈਂ ਗੁਰੂ ਮਹਾਰਾਜ ਨੂੰ ਇਹੋ ਬੇਨਤੀ ਕਰਦਾ ਰਿਹਾ ਕਿ ਕਿਰਪਾ ਕਰ ਕੇ ਇਸ ਅਸਥਾਨ ਦੀ ਸਚਾਈ ਮੇਰੇ ਉਤੇ ਪ੍ਰਗਟ ਕਰੋ। ਮੇਰੀ ਦੁਆ ਮਹਾਰਾਜ ਨੇ ਕਬੂਲ ਕੀਤੀ। ਅੰਮ੍ਰਿਤ ਵੇਲੇ ਜਦੋਂ ਮੈਂ ਨਿਮਾਜ਼ ਤੋਂ ਪਹਿਲਾਂ ਇਸ਼ਨਾਨ ਕਰਨ ਲਈ ਸਰੋਵਰ ਵੱਲ ਗਿਆ ਤਾਂ ਪੰਜੇ ਵਾਲੀ ਥਾਂ ਤੇ ਗੁਰੂ ਮਹਾਰਾਜ ਉਸੇ ਤਰ੍ਹਾਂ ਦੀ ਚਮਕੀਲੀ ਅਤੇ ਅਲੋਕਿਕ ਚਾਨਣੇ ਦੀ ਮੂਰਤੀ, ਸਾਹਮਣੇ ਦਿਸੇ ਅਤੇ ਮੈਨੂੰ ਸੰਬੋਧਨ ਹੋ ਕੇ ਕਹਿਣ ਲੱਗੇ, ''ਵੇਖ, ਇਹ ਪੰਜਾ ਮੇਰਾ ਹੈ, ਕਿਸੇ ਹੋਰ ਦਾ ਨਹੀਂ। ਕੇਵਲ ਮੇਰਾ ਪੰਜਾ ਹੈ ਅਤੇ ਇਹੋ ਸਤ ਹੈ।'' ਇਹ ਕਹਿ ਕੇ ਉਹ ਚਾਨਣੇ ਵਾਲੀ ਮੂਰਤੀ ਗਾਇਬ ਹੋ ਗਈ। ਮੈਂ ਉਸ ਅਨੰਦ ਵਿਚ ਵਿਸਮਾਦਤ ਦਸ਼ਾ ਵਿਚ ਹੱਕਾ ਬੱਕਾ ਖੜਾ ਰਿਹਾ। ਫਿਰ ਮੈਂ ਥੋੜੀ ਦੇਰ ਬਾਅਦ ਉਚੀ ਉਚੀ ਕਹਿਣ ਲਗ ਪਿਆ, ''ਹਾਂ ਇਹ ਤੁਹਾਡਾ ਪੰਜਾ ਹੈ, ਬੇਸ਼ਕ ਇਹ ਤੁਹਾਡਾ ਹੈ, ਕਿਸੇ ਹੋਰ ਦਾ ਨਹੀਂ, ਕੇਵਲ ਤੁਹਾਡਾ ਪੰਜਾ ਹੈ।'' ਮੇਰੇ ਸ਼ਬਦ ਤੜਕਸਾਰ ਦੀ ਇਕਾਂਤ ਵਿਚ ਸਾਰੇ ਵਾਯੂ-ਮੰਡਲ ਵਿਚ ਗੂੰਜ ਗਏ ਅਤੇ ਫਿਰ ਮੈਂ ਫੈਸਲਾ ਕਰ ਲਿਆ ਕਿ ਮੈਂ ਇਸ ਸੱਚ ਦੀ ਆਵਾਜ਼ ਨੂੰ ਦੁਨੀਆ ਦੇ ਕੋਨੇ ਕੋਨੇ ਤਕ ਪਹੁੰਚਾਵਾਂ।

ਮੈਂ ਸ: ਜੰਗ ਬਹਾਦਰ ਸਿੰਘ ਦਾ ਧੰਨਵਾਦੀ ਹਾਂ, ਜਿਸਨੇ ਮੇਰੇ ਉਪਰੋਕਤ ਹੱਡੀਂ ਬੀਤੇ ਅਨੁਭਵਾਂ ਨੂੰ ਆਪਣੇ ਹਫ਼ਤਾਵਾਰ ਅਖ਼ਬਾਰ ਸ਼ੇਰ-ਏ-ਪੰਜਾਬ ਵਿਚ ੨੫ ਮਈ ੧੯੭੫ ਨੂੰ ਛਾਪਿਆ।

ਉਪਰੋਕਤ ਅਦਭੁਤ ਘਟਨਾਵਾਂ ਨੇ ਮੈਨੂੰ ਮਜਬੂਰ ਕੀਤਾ ਤੇ ਮੈਂ ਆਪਣੇ ਮਿੱਤਰ ਜਨਾਬ ਖ਼ੁਰਸ਼ੀਦ ਅਹਿਮਦ ਅਨਵਰ ਨੂੰ ਸਹਾਇਤਾ ਲਈ ਬੇਨਤੀ ਕੀਤੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਸ ਪੈਗੰਬਰੀ ਸੁਨੇਹੇ ਨੂੰ ਦੁਨੀਆ ਦੇ ਕੋਨੇ ਕੋਨੇ ਵਿਚ ਪਹੁੰਚਾਇਆ ਜਾ ਸਕੇ। ਅਨਵਰ ਸਾਹਿਬ ੧੯੩੨ ਤੋਂ ਜਰਨਲਿਜ਼ਮ ਵਿਚ ਲਗੇ ਹੋਏ ਸਨ। ਉਨ੍ਹਾਂ ਮੇਰੀ ਬੇਨਤੀ ਨੂੰ ਪਰਵਾਨ ਕਰਦਿਆਂ ਸ: ਭਗਤ ਸਿੰਘ ਦੀ ਲਿਖੀ ਪੁਸਤਕ ਨੂੰ ਮੁੜ ਕੇ ਛਾਪ ਦਿਤਾ। ਜੋ ਭੀ ਇਸ ਪੁਸਤਕ ਨੂੰ ਪੜ੍ਹਦਾ ਹੈ ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਰੱਬੀ ਸੰਦੇਸ਼ ਨਾਲ ਜ਼ਰੂਰ ਜੁੜਦਾ ਹੈ। ਇਉਂ ਅਸੀਂ ਸਾਰੇ ਉਹਨਾਂ ਦੇ ਰੱਬੀ ਉਪਦੇਸ਼ਾਂ ਦੇ ਸਾਂਝੀਵਾਲ ਹੋ ਜਾਂਦੇ ਹਾਂ। ਸਹੀ–ਮੁਹੰਮਦ ਸਾਦਿਕ

---


## ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ ਤੇ ਟਰੈਕਟ

| | | | |
|---|---|---|---|
| ਜੇਲ੍ਹ ਚਿੱਠੀਆਂ | ੩੫-੦੦ | ਗੁਰਮਤਿ ਸੱਚ ਨਿਰਣੈ | ੧੫-੦੦ |
| ਰੰਗਲੇ ਸੱਜਣ | ੨੦-੦੦ | ਸਚਖੰਡ ਦਰਸ਼ਨ | ੭-੫੦ |
| ਗੁਰਮਤਿ ਗੌਰਵਤਾ | ੩੨-੦੦ | ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ? | ੭-੫੦ |
| ਅਨਹਦ ਸ਼ਬਦ ਦਸਮ ਦੁਆਰ | ੧੫-੦੦ | ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ |
| ਝਟਕਾ ਮਾਸ ਪ੍ਰਥਾਇ ਗੁਰਮਤਿ ਨਿਰਣੈ | ੧੨-੦੦ | ਆਸਤਕ ਤੇ ਨਾਸਤਕ | ੦-੭੫ |
| ਅੰਮ੍ਰਿਤ ਕੀ ਹੈ | ੩-੦੦ | ਨਾਮ ਸੰਬੰਧੀ ਵਿਚਾਰ | ੧-੭੫ |
| ਗੁਰਮਤਿ ਰਮਜ਼ਾਂ | ੨-੫੦ | ਬਾਬਾ ਵੈਦ ਰੋਗੀਆਂ ਦਾ | ੧-੦੦ |
| ਹਉਮੈ ਨਾਵੈ ਨਾਲਿ ਵਿਰੋਧੁ ਹੈ | ੧-੦੦ | ਸਿੱਖੀ ਸਿਦਕ ਤੇ ਧਰਮ ਰਖਿਆ | ੧-੦੦ |
| ਪਰਤੱਖ ਦਰਸ਼ਨ ੧-੦੦ ਵਾਹਿਗੁਰੂ ਸਿਮਰਨ | ੦-੭੫ | ਤ੍ਰਿਮਰ ਅਗਿਆਨ ਤੋਂ ਉਜਿਆਰਾ | ੧-੦੦ |

# ਅੰਮ੍ਰਿਤਧਾਰੀ ਸਿੰਘਾਂ ਦੇ ਕਰਤੱਵ

ਸੰਨ ੧੭੩੮ ਵਿਚ ਨਾਦਰ ਸ਼ਾਹ ਨੇ ਜਦ ਭਾਰਤ ਉਤੇ ਹਮਲਾ ਕੀਤਾ ਸੀ ਤਾਂ ਹਜ਼ਾਰਾਂ ਭਾਰਤ-ਵਾਸੀਆਂ ਦੀ ਉਸ ਨੇ ਕਤਲੇਆਮ ਕੀਤੀ ਸੀ। ਦਿੱਲੀ ਦੀ ਲੁਟ-ਮਾਰ ਮਗਰੋਂ ਜਦ ਉਹ ਹਜ਼ਾਰਾਂ ਭਾਰਤੀ ਸੁੰਦਰ ਮੁੰਡੇ-ਕੁੜੀਆਂ ਨੂੰ ਗ਼ੁਲਾਮ ਬਣਾ ਕੇ ਵਾਪਸ ਆਪਣੇ ਦੇਸ ਅਫਗਾਨਿਸਤਾਨ ਲੈ ਜਾ ਰਿਹਾ ਸੀ ਤਾਂ ਰਸਤੇ 'ਚਿ ਸਿੰਘਾਂ ਨੂੰ ਪਤਾ ਲਗਣ ਤੇ ਉਹਨਾਂ ਕਈ ਵਾਰ ਛਾਪੇ ਮਾਰ ਮਾਰ ਕੇ ਉਸ ਕੋਲੋਂ ਲੁਟ ਦਾ ਮਾਲ ਖੋਹਿਆ ਅਤੇ ਬਹੁਤ ਸਾਰੇ ਮੁੰਡੇ ਕੁੜੀਆਂ ਨੂੰ ਛੁਡਾ ਕੇ ਉਨ੍ਹਾਂ ਨੂੰ ਆਪੋ ਆਪਣੇ ਘਰੀਂ ਪਹੁੰਚਾਇਆ ਸੀ।

ਨਾਦਰ ਸ਼ਾਹ, ਜਿਸ ਦੀ ਤਾਕਤ ਸਾਹਮਣੇ ਦਿੱਲੀ ਦੀ ਸਰਕਾਰ ਨਹੀਂ ਸੀ ਅੱੜ ਸਕੀ, ਹੈਰਾਨ ਸੀ ਕਿ ਇਹ ਲੋਕ ਇਤਨੇ ਬਹਾਦਰ ਅਤੇ ਦਲੇਰ ਕੌਣ ਹਨ ਜੋ ਉਸ ਨੂੰ ਵੀ ਲੁਟਦੇ ਜਾ ਰਹੇ ਹਨ।

ਉਸ ਵੇਲੇ ਪੰਜਾਬ ਦੇ ਨਵਾਬ ਜ਼ਕਰੀਆ ਖ਼ਾਨ ਕੋਲੋਂ ਜਦ ਇਨ੍ਹਾਂ ਲੁਟਣ ਵਾਲੇ ਅਤੇ ਲੜਕੇ ਲੜਕੀਆਂ ਛੁਡਾ ਕੇ ਲੈ ਜਾਣ ਵਾਲੇ ਲੋਕਾਂ ਬਾਰੇ ਨਾਦਰਸ਼ਾਹ ਨੇ ਪੁਛਿਆ ਤਾਂ ਉਸ ਨੇ ਸਿੱਖਾਂ ਦੀ ਬਹਾਦਰੀ ਦੀਆਂ ਹੋਰ ਗੱਲਾਂ ਦੇ ਨਾਲ ਇਕ ਗੱਲ ਇਹ ਵੀ ਦਸੀ ਕਿ ਇਨ੍ਹਾਂ ਦੇ ਮੁਰਸ਼ਦ (ਗੁਰੂ) ਨੇ ਇਨ੍ਹਾਂ ਨੂੰ ਇਕ ਐਸਾ ਆਬੇ-ਹਯਾਤ (ਅੰਮ੍ਰਿਤ) ਪਿਲਾਇਆ ਹੈ ਜਿਸ ਨੂੰ ਪੀ ਕੇ ਇਹ ਕਾਇਰ (ਬੁਜ਼ਦਿਲ) ਵੀ ਸ਼ੇਰ ਹੋ ਜਾਂਦੇ ਹਨ। ਪੰਥ ਪ੍ਰਕਾਸ਼ ਵਿਚ ਇਸ ਤਰ੍ਹਾਂ ਲਿਖਿਆ ਹੋਇਆ ਹੈ :—

ਮੁਰਸ਼ਦ ਇਨ ਕਾ ਵਲੀ ਭਇਓ ਹੈ। ਇਨ ਕੋ ਆਬਿ-ਹਯਾਤ ਦਇਓ ਹੈ।
ਗਜ਼ਬ ਅਸਰ ਇਸ ਕਾ ਹਮ ਦੇਖਾ। ਬੁਜ਼ਦਿਲ ਹੋਵਤ ਸ਼ੇਰ ਬਸੇਖਾ।

ਜਿਸ ਅੰਮ੍ਰਿਤ ਦੀ ਸ਼ਲਾਘਾ ਲਾਹੌਰ ਦਾ ਗਵਰਨਰ ਜ਼ਕਰੀਆ ਖ਼ਾਨ, ਨਾਦਰ ਸ਼ਾਹ ਅਗੇ ਕਰਦਾ ਹੈ, ਕੀ ਸਾਨੂੰ ਉਸ ਅੰਮ੍ਰਿਤ ਦੀ ਸ਼ਕਤੀ ਬਾਰੇ ਕੁਝ ਹੋਰ ਵੀ ਯਾਦ ਹੈ ?

ਦੋ ਸੌ ਸਾਲ ਹੀ ਹੋਏ, ਜਦੋਂ ਅਹਿਮਦਸ਼ਾਹ ਅਬਦਾਲੀ ਹਜ਼ਾਰਾਂ ਬੁਰਛੇ ਪਠਾਣਾਂ ਦੀ ਫ਼ੌਜ ਲੈ ਕੇ ਭਾਰਤ ਆਇਆ ਸੀ। ਬੜੇ ਬੜੇ ਭਾਰਤੀ ਜੋਧੇ, ਰਾਜਪੂਤ, ਮਰਹੱਟੇ ਅਤੇ ਜਾਟ, ਇਹ ਸਾਰੇ ਬਹਾਦਰ ਅਖਵਾਉਣ ਵਾਲੇ ਉਸ ਹੱਥੋਂ ਬੇਪਤ ਹੀ ਨਹੀਂ ਹੋਏ, ਸਗੋਂ ਲੱਖਾਂ ਰੁਪਇਆਂ ਦਾ ਸੋਨਾ ਚਾਂਦੀ ਇਨ੍ਹਾਂ ਦੇ ਘਰਾਂ ਅਤੇ ਮੰਦਰਾਂ ਵਿਚੋਂ ਉਹ ਕੱਢ ਕੇ ਲੈ ਗਿਆ ਸੀ।

ਉਸ ਇਥੇ ਹੀ ਬਸ ਨਹੀਂ ਸੀ ਕੀਤੀ, ਸਗੋਂ ਸਾਡੇ ਦੇਸ਼ ਦੀਆਂ ੧੮੦੦੦ ਸੁੰਦਰ ਲੜਕੀਆਂ ਭੇਡਾਂ-ਬਕਰੀਆਂ ਵਾਂਗ ਹੱਕ ਕੇ ਲੈ ਤੁਰਿਆ ਸੀ। ਪਰ ਅਫ਼ਸੋਸ! ਭਾਰਤ-ਮਾਂ ਦੇ ਕਿਸੇ ਪੁੱਤਰ ਨੇ ਆਹ ਨਾ ਮਾਰੀ ਅਤੇ ਨਾ ਹੀ ਇਨ੍ਹਾਂ ਨੂੰ ਛੁਡਾਉਣ ਲਈ ਕੋਈ ਅੱਗੇ ਹੋਇਆ।

ਜਦ ਅਬਦਾਲੀ ਪੰਜਾਬ ਵਿਚੋਂ ਲੰਘ ਕੇ ਵਾਪਸ ਆਪਣੇ ਦੇਸ਼ ਜਾ ਰਿਹਾ ਸੀ ਤਾਂ ਉਸ ਵੇਲੇ ਅੰਮ੍ਰਿਤਧਾਰੀ ਸਿੰਘਾਂ ਦੇ ਜਥੇ ਦੇ ਜਥੇਦਾਰ ਸ: ਜਸਾ ਸਿੰਘ ਆਹਲੂਵਾਲੀਆ ਸਨ, ਜਿਨ੍ਹਾਂ ਦੇ ਅੰਦਰ ਸਿੱਖੀ ਖ਼ੂਨ ਖੌਲਿਆ ਅਤੇ ਮਨ ਅੰਦਰ ਪ੍ਰਸ਼ਨ ਉਠਿਆ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਸੰਤ-ਸਿਪਾਹੀਆਂ ਦੇ ਹੁੰਦਿਆਂ ਭਾਰਤ ਦੀ ਇਜ਼ਤ ਇਸ ਤਰ੍ਹਾਂ ਕਿਵੇਂ ਲੁਟੀ ਜਾ ਸਕਦੀ ਹੈ ?

ਜਥੇਦਾਰ ਜੀ ਨੇ ਖ਼ਾਲਸੇ ਨੂੰ ਇਕ-ਦਮ ਤਿਆਰ ਹੋਣ ਲਈ ਹੁਕਮ ਦਿੱਤਾ। ਉਨ੍ਹਾਂ ਨੂੰ ਦਸਿਆ ਗਿਆ ਕਿ ਲੰਗਰ ਤਿਆਰ ਹੋ ਰਿਹਾ ਹੈ। ਪਰ ਜਥੇਦਾਰ ਜੀ ਨੇ ਕਿਹਾ ਕਿ ਲੰਗਰ ਕੈਦੀ ਬੱਚੀਆਂ ਨੂੰ ਖੁਆ ਕੇ ਹੀ ਖਾਵਾਂਗੇ।

ਜਥੇਦਾਰ ਦਾ ਹੁਕਮ ਕੌਣ ਮੋੜ ਸਕਦਾ ਸੀ ? ਸੋ ਜਿਤਨੇ ਵੀ ਮੁੱਠੀ ਭਰ ਸਿੰਘ ਸਨ, ਤਿਆਰ ਹੋ ਗਏ। ਇਤਿਹਾਸ ਲਿਖਦਾ ਹੈ ਕਿ ਸਿੰਘਾਂ ਦੇ ਇਸ ਥੋੜੇ ਜਿਹੇ ਟੋਲੇ ਨੇ ਦੁਸ਼ਮਣ ਦੇ ਉਸ ਟੋਲੇ ਉਤ, ਜੋ ੧੮੦੦੦ ਜਵਾਨ ਲੜਕੀਆਂ ਨੂੰ ਘੇਰੀ ਬੈਠਾ ਸੀ, ਰਾਤ ਨੂੰ ਅਚਾਨਕ ਐਸਾ ਮਾਰੂ ਹਮਲਾ ਕੀਤਾ ਕਿ ਪਲਾਂ 'ਚ ਕਈ ਪਠਾਣ ਵੱਢੇ ਟੁਕੇ ਗਏ ਅਤੇ ਬਾਕੀ ਘਬਰਾ ਕੇ ਨਸ ਗਏ। [ਬਾਕੀ ਦੇਖੋ ਸਫ਼ਾ ੨੯ ਹੇਠ]


www.AKJ.Org

# ਗੁਰਮੁਖਿ ਤੇ ਮਨਮੁਖ

[ਪ੍ਰੋਫੈਸਰ ਹਰਬੰਸ ਸਿੰਘ ਜੀ]

ਆਓ ਵਿਚਾਰ ਕਰੀਏ, ਅਸੀਂ ਕੀ ਹਾਂ ? ਗੁਰਮੁਖਿ ਜਾਂ ਮਨਮੁਖ ?

| ਗੁਰਮੁਖਿ | ਮਨਮੁਖ |
|---|---|
| ੧. ਜਿਸਦਾ ਮੁਖ ਆਪਣੇ ਗੁਰੂ ਵਲ । ਆਪਣੇ ਗੁਰੂ ਮਗਰ ਚੱਲਣ ਵਾਲਾ—ਗੁਰਮਤੀਆ । | ੧. ਜਿਸਦਾ ਮੁਖ ਆਪਣੇ ਮਨ ਵਲ । ਆਪਣੇ ਮਨ ਮਗਰ ਚੱਲਣ ਵਾਲਾ—ਮਨਮਤੀਆ । |
| ੨. ਗੁਰੂ ਦੇ ਹੁਕਮਾਂ ਅਨੁਸਾਰ ਚੱਲਣ ਵਾਲਾ—'**ਹੁਕਮੀ ਬੰਦਾ**' । | ੨. ਆਪਣੇ ਮਨ ਦੀਆਂ ਤ੍ਰੰਗਾਂ ਅਨੁਸਾਰ ਟੱਪਣ ਵਾਲਾ—'ਚੰਚਲ ਚਿਤ ।' |
| ੩. ਗੁਰੂ ਦੇ ਸਨਮੁਖ ਰਹਿਣ ਵਾਲਾ—ਸਨਮੁਖੀਆ । | ੩. ਗੁਰੂ ਤੋਂ ਬੇਮੁਖ—ਵੇਮੁਖੀਆ । |
| ੪. ਗੁਰੂ ਦਾ ਬੇ-ਖ਼ੀਦ ਚਾਕਰ, ਜਿਸਨੇ ਆਪਣਾ ਸਿਰ ਗੁਰੂ ਕੋਲ ਵੇਚਿਆ ਹੋਇਆ ਹੋਵੇ, ਜਿਸਨੇ ਤਨ, ਮਨ, ਧਨ—ਅਰਥਾਤ ਸਭ ਕੁਝ ਗੁਰੂ ਨੂੰ ਅਰਪਨ ਕੀਤਾ ਹੋਵੇ। | ੪. ਆਪਣੇ ਮਨ ਦਾ ਮੁਰੀਦ, ਜਿਹੜਾ ਤਨ, ਮਨ, ਧਨ ਨੂੰ ਆਪਣਾ ਸਮਝਦਾ ਹੋਵੇ ਅਤੇ ਜਿਸਦਾ ਗੁਰੂ ਨਾਲ ਕੋਈ ਸੰਬੰਧ ਨਾ ਹੋਵੇ । |
| ੫. ਗੁਰੂ ਵਾਲਾ—ਸਗੁਰਾ । | ੫. ਗੁਰੂ-ਹੀਣ—ਨਿਗੁਰਾ । |
| ੬. ਮੋਹ ਮਾਇਆ ਤੋਂ ਨਿਰਲੇਪ—ਮਾਇਆ ਵਿਚ ਉਦਾਸੀ। | ੬. ਮੋਹ ਮਾਇਆ ਵਿਚ ਫਾਥਾ—ਮਾਇਆ-ਵੇੜ੍ਹਿਆ । |
| ੭. ਹਉਮੈ ਰਹਿਤ, ਮਾਣ ਹੁੰਦੇ ਹੋਏ ਨਿਮਾਣਾ, ਤਾਣ ਹੁੰਦੇ ਹੋਏ ਨਿਤਾਣਾ । | ੭. ਹਉਮੈ ਗ੍ਰਸਿਆ, ਮੈਂ ਮੇਰੀ ਵਿੱਚ ਮੱਤਿਆ । |
| ੮. 'ਤੂੰ ਤੂੰ'' ਦੇ ਸੋਹਲੇ ਗਾਉਣ ਵਾਲਾ, ''ਤੂੰਹੀਂ ਤੂੰਹੀਂ'' ਕਰਨ ਵਾਲਾ । | ੮. ਹਉਂ-ਮੈਂ, ਹਉਂ-ਮੈਂ ਅਲਾਪਣ ਵਾਲਾ, ''ਮੈਂ ਮੈਂ'' ਦਾ ਭੂਤਨਾ । |
| ੯. ਜਤੀ ਸਤੀ ਤੇ ਸੀਲ ਸੰਤੋਖੀ। | ੯. ਕਾਮੀ ਕਪਟੀ ਤੇ ਲੋਭੀ ਕ੍ਰੋਧੀ। |
| ੧੦. ਸਚਿਆਰ । ਕੂੜ ਨਾ ਭਾਵਈ । | ੧੦. ਕੂੜਿਆਰ । ਸੱਚ ਨਾ ਭਾਵਈ । |
| ੧੧. ਮਿੱਠ ਬੋਲੜਾ, ਨਿਵ ਚੱਲੇ । | ੧੧. ਫਿੱਕ ਬੋਲੜਾ (ਵੱਢ ਖਾਣਾ), ਆਕੜ ਖਾਂ । |
| ੧੨, ਖਿਮਾ ਕਰਨ ਵਾਲਾ । | ੧੨. ਝਗੜਾਲੂ । |
| ੧੩. ਸੰਜਮੀ, ਅਮਲੀ, ਕਰਣੀ ਪਰਧਾਨ ਮਨੁੱਖ । | ੧੩. ਬੋਲ-ਬੜੱਕ, ਗਪੌੜੀ, ਕਥਨੀ ਪਰਧਾਨ ਬੰਦਾ । |
| ੧੪. ਇੱਕ-ਸੁਰ, ਸ਼ਾਂਤ-ਚਿੱਤ । | ੧੪. ਬੇਤਾਲ, ਹਰ ਵੇਲੇ ਹਾਏ ਤੌਬਾ । |
| ੧੫. ਦੁੱਖ ਸੁੱਖ ਏਕ ਸਮਾਨ । | ੧੫. ਸੁੱਖ ਵਿਚ ਬਾਘੀਆਂ ਤੇ ਦੁੱਖ ਵਿਚ ਰੋਣਾ ਧੋਣਾ । |
| ੧੬. ਵੈਰ ਵਿਰੋਧ ਰਹਿਤ । | ੧੬. ਵੈਰ ਵਿਰੋਧ ਵਾਲਾ । |
| ੧੭. ਪਰਉਪਕਾਰੀ । | ੧੭. ਖ਼ੁਦਗਰਜ਼ (ਮਤਲਬੀ) । |
| ੧੮. ਸਰਬੱਤ ਦਾ ਭਲਾ ਮੰਗਣ ਵਾਲਾ । | ੧੮. ਦੂਜਿਆਂ ਦਾ ਬੁਰਾ ਤੱਕਣ ਵਾਲਾ । |
| ੧੯. ਪਰਮਾਤਮਾ ਦੀ ਹੋਂਦ ਨੂੰ ਮੰਨਣ ਵਾਲਾ—ਆਸਤਕ । | ੧੯. ਪਰਮਾਤਮਾ ਦੀ ਹੋਂਦ ਤੋਂ ਮੁਨਕਰ—ਨਾਸਤਕ । |
| ੨੦. ਇੱਕ ਅਕਾਲ ਪੁਰਖ ਤੇ ਟੇਕ ਰੱਖਣ ਵਾਲਾ । | ੨੦. ਝੂਠੇ ਮਾਣਸਾਂ ਦੇ ਆਸਰੇ ਲੱਭਣ ਵਾਲਾ । |
| ੨੧. ਇੱਕ ਥਾਂ ਟਿਕਣ ਵਾਲਾ । | ੨੧. ਚੁਫੇਰ ਗੜ੍ਹੀਆ, ਦਰ ਦਰ ਦੇ ਧੱਕੇ ਖਾਣ ਵਾਲਾ । |
| ੨੨. ਰਹਿਤਵਾਨ । | ੨੨. ਕੁਰਹਿਤੀਆ । |
| ੨੩. ਅਕਾਲੀ ਬਾਣੇ, ''ਸਾਬਤ ਸੂਰਤਿ ਦਸਤਾਰ ਸਿਰਾ' ਵਾਲਾ । | ੨੩. ਬਹੁਰੂਪੀਆ, ਕਦੇ ਘੋਨ ਮੋਨ, ਕਦੇ ਹਿੱਪੀ । |


www.AKJ.Org

| | |
|---|---|
| ੨੪. ਅੰਮ੍ਰਿਤ ਵੇਲੇ ਨਾਮ ਸਿਮਰਨ ਦੀ ਸੱਚੀ ਕਾਰ ਵਿੱਚ ਜੁਟਣ ਵਾਲਾ । | ੨੪. ਅੱਧੇ ਦਿਨ ਤੱਕ ਘੁਰਾੜੇ ਮਾਰਨ ਵਾਲਾ । |
| ੨੫. ਨਾਮ ਰਸ ਮਾਨਣ ਵਾਲਾ, ਨਾਮ ਰੰਗ ਵਿਚ ਰੰਗਿਆ। | ੨੫. ਵਿਸ਼ੇ ਵਿਕਾਰਾਂ ਵਿਚ ਮਲੀਨ, ਬਿੱਖ ਦਾ ਅਮਲੀ । |
| ੨੬. ਸਚਿਆਰ ਸਿੱਖ, ਖਾਲਸ ਖਾਲਸਾ । | ੨੬. ਪਤਿਤ, ਨਾਖਾਲਸ (ਰਲਾਵਟ ਵਾਲਾ), ਦੁਬਾਜਰਾ । |
| ੨੭. 'ਅਨੰਦ ਪੁਰ' ਦ ਵਾਸੀ, ਸੁੱਖਾਂ ਲੱਧਾ । | ੨੭. ਅੰਧੇਰ ਨਗਰੀ ਦਾ ਵਾਸੀ, ਦੁੱਖਾਂ ਘਿਰਿਆ । |
| ੨੮. 'ਸਾਧ ਸੰਗਤਿ' ਮਾਨ ਸਰੋਵਰ ਵਿਚ ਚੁੱਭੀਆਂ ਲਾਉਣ ਵਾਲਾ ਹੰਸ । | ੨੮. ਬਿਖਿਆ ਦੇ ਚਿੱਕੜ ਵਿਚ ਲਿੱਬੜਿਆ ਮੰਦ-ਕਰਮੀ । |
| ੨੯. ਸ਼ਬਦ ਰੂਪੀ ਹੀਰਾ ਮੋਤੀ ਚੁਗਣ ਵਾਲਾ ਗੁਰੂ ਲਾਲ । | ੨੯. ਡੱਡਾਂ ਮੱਛੀਆਂ ਖਾਣ ਵਾਲਾ ਬਗਲਾ ਭਗਤ । |
| ੩੦. ਨਾਮ ਜਪਣ, ਧਰਮ ਦੀ ਕਿਰਤ ਕਰਨ ਅਤੇ ਵੰਡ ਛਕਣ ਵਾਲਾ ਮਰਜੀ ਵੜਾ । | ੩੦. ਨਿੰਦਿਆ ਚੁਗਲੀ, ਵੱਢੀ ਬੇਈਮਾਨੀ ਅਤੇ ਲੁੱਟ ਖਸੁੱਟ ਕਰਨ ਵਾਲਾ ਪਰਪੰਚੀ । |
| ੩੧. ਸੱਚੇ ਸੁੱਚੇ ਆਚਰਨ ਵਾਲਾ ਜੀਊੜਾ । | ੩੧. ਆਚਰਨਹੀਨ ਪ੍ਰਾਣੀ । |
| ੩੨. ਵਹਿਮਾਂ ਭਰਮਾਂ, ਫੋਕਟ ਕਰਮਾਂ ਤੇ ਰਸਮਾਂ ਰਿਵਾਜਾਂ ਤੋਂ ਬੇਲਾਗ । | ੩੨. ਵਹਿਮਾਂ ਭਰਮਾਂ, ਫੋਕਟ ਕਰਮਾਂ, ਰਸਮਾਂ ਰਿਵਾਜਾਂ ਵਿੱਚ ਗ੍ਰਸਿਆ । |
| ੩੩. 'ਸਤਿ' ਪੱਖੀ, 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਗਜਾਉਣ ਵਾਲਾ । | ੩੩. ਝੂਠ ਦਾ ਭਾਈਵਾਲ, ਬੇਈਮਾਨੀ ਦੀ ਜੈ ਜੈਕਾਰ ਕਰਨ ਵਾਲਾ । |
| ੩੪. ਦੀਨ ਦੁਖੀਆਂ ਦਾ ਦਰਦੀ, ਦੂਜਿਆਂ ਦਾ ਦਰਦ ਵੰਡਾਉਣ ਵਾਲਾ । | ੩੪. ਮੋਮੋਠਗਣਾ, ਫ਼ਰੇਬੀ, ਧੋਖੇਬਾਜ਼ । |
| ੩੫. ਸੰਤ ਸਿਪਾਹੀ । | ੩੫. ਚੋਰ ਯਾਰ ਕੂੜਿਆਰ । |
| ੩੬. ਅਸੂਲ (ਨੇਮ) ਦਾ ਪੱਕਾ, ਦ੍ਰਿੜ੍ਹ ਵਿਸ਼ਵਾਸੀ । | ੩੬. ਬੇ-ਅਸੂਲਾ, ਡਾਵਾਂਡੋਲ । |
| ੩੭. ਧਰਮ ਤੋਂ ਆਪਾ ਵਾਰਨ ਵਾਲਾ ਜ਼ਿੰਦਾ ਸ਼ਹੀਦ । | ੩੭. ਧਰਮ ਨੂੰ ਆਪਣੇ ਸ੍ਰੀਰ ਤੋਂ ਕੁਰਬਾਨ ਕਰਨ ਵਾਲਾ ਗ਼ੱਦਾਰ । |
| ੩੮. ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾਹੁਣ ਵਾਲਾ ਸਿਦਕੀ। | ੩੮. ਨਿਗੂਣੇ ਲਾਲਚਾਂ ਵਿੱਚ ਫਸ ਕੇ ਸਿਦਕ ਹਾਰਨ ਵਾਲਾ ਬੇਦੀਨਾ । |

ਮਨਮੁਖਿ ਆਵੈ ਮਨਮੁਖਿ ਜਾਵੈ ॥ ਮਨਮੁਖਿ ਫਿਰਿ ਫਿਰਿ ਚੋਟਾ ਖਾਵੈ ॥
ਜਿਤਨੇ ਨਰਕ ਸਿ ਮਨਮੁਖਿ ਭੋਗੈ, ਗੁਰਮੁਖਿ ਲੇਪੁ ਨ ਮਾਸਾ ਹੇ ॥
(ਮਾਰੂ ਸੋਹਲੇ ਮ: ੫, ਪੰਨਾ ੧੦੭੩)

---

[ਸਫਾ ੨੭ ਦੀ ਬਾਕੀ]

ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਦੇ ਪਾਏ ਪੂਰਨਿਆਂ ਉਤੇ ਚਲਣ ਵਾਲੇ ਅੰਮ੍ਰਿਤਧਾਰੀ ਸਿੰਘਾਂ ਨੇ ਅਬਦਾਲੀ ਦੀ ਕੈਦ ਤੋਂ ਛੁੜਾ ਕੇ ਉਨ੍ਹਾਂ ਲਕੜੀਆਂ ਨੂੰ ਆਪਣੇ ਡੇਰੇ ਲਿਆਂਦਾ, ਲੰਗਰ ਛਕਾਇਆ ਤੇ ਮਗਰੋਂ ਆਪ ਛਕਿਆ । ਮਗਰੋਂ ਉਨ੍ਹਾਂ ਸਭਨਾਂ ਨੂੰ ਘਰੋ ਘਰੀ ਪਹੁੰਚਾਇਆ ।

ਇਸ ਸਾਰੀ ਘਟਨਾ ਨੂੰ ਪ੍ਰਸਿਧ ਆਰੀਆ ਸਮਾਜੀ ਇਤਿਹਾਸਕਾਰ ਸਰ ਗੋਕਲ ਚੰਦ ਨਾਰੰਗ ਨੇ ਆਪਣੀ ਪੁਸਤਕ *Transformation of Sikhism* ਵਿਚ ਲਿਖਿਆ ਹੈ ਅਤੇ ਕਿਹਾ ਹੈ ਕਿ ਇਸ ਘਟਨਾ ਤੋਂ ਸ: ਜਸਾ ਸਿੰਘ ਨੂੰ ਬੰਦੀ-ਛੋੜ ਕਿਹਾ ਜਾਣ ਲਗ ਪਿਆ ਅਤੇ ਉਸ ਦੀ ਇਸ ਸੂਰਮਗਤੀ ਨੇ ਉਸ ਨੂੰ ਹਿੰਦੂਆਂ ਅੰਦਰ ਹੋਰ ਹਰਮਨ ਪਿਆਰਾ ਬਣਾ ਦਿਤਾ ।...ਆਦਿ ।

[ਗੁਰਮਤਿ ਪ੍ਰਚਾਰ ਸਭਾ, ਪਟਿਆਲਾ


www.AKJ.Org

# ਗੁਰਮਤਿ ਮਾਰਗ—ਕਰਣੀ ਪਰਧਾਨ

ਸਿਖ ਧਰਮ ਦੀ ਮਹਾਨਤਾ ਇਸੇ ਕਰਕੇ ਹੈ ਕਿ ਇਹ 'ਕਰਣੀ-ਪਰਧਾਨ' ਧਰਮ ਹੈ। ਮਹਾਨ ਕੋਸ਼ ਅਨੁਸਾਰ 'ਕਰਣੀ' ਦੇ ਅਰਥ ਘਾਲ, ਕਮਾਈ, ਮਿਹਨਤ, ਕ੍ਰਿਰਿਆ, ਕਰਤੂਤ ਦੇ ਹਨ। ਸਿਖ ਧਰਮ ਦੇ ਬਾਨੀ ਸਤਿਗੁਰੂ ਨੇ ਸਿਖ ਨੂੰ ਅਮਲੀ ਜੀਵਨ ਬਿਤਾਉਣ ਲਈ ਘਾਲ-ਕਮਾਈ ਕਰਨੀ ਸਿਖਾਲੀ ਹੈ। ਸਿਖ ਨੇ ਸਤਿਗੁਰੂ ਦੀ ਦਸੀ ਸੱਚੀ ਸੁੱਚੀ ਕਾਰ ਕਮਾਉਣੀ ਹੈ। ਮੁਖ ਤੌਰ ਤੇ ਸਤਿਗੁਰੂ ਨੇ ਇਹ ਕਾਰ ਕਰਨੀ ਦਸੀ ਹੈ—

**ਗੁਰੁ ਪਰਮੇਸੁਰੁ ਪੂਜੀਐ ਮਨਿ ਤਨਿ ਲਾਇ ਪਿਆਰੁ ॥**
ਸਤਿਗੁਰੁ ਦਾਤਾ ਜੀਅ ਕਾ ਸਭਸੈ ਦੇਇ ਅਧਾਰੁ ॥
**ਸਤਿਗੁਰ ਬਚਨ ਕਮਾਵਣੇ ਸਚਾ ਏਹੁ ਵੀਚਾਰੁ ॥**
ਬਿਨੁ ਸਾਧੂ ਸੰਗਤਿ ਰਤਿਆ ਮਾਇਆ ਮੋਹੁ ਸਭੁ ਛਾਰੁ ॥੧॥
**ਮੇਰੇ ਸਾਜਨ ਹਰਿ ਹਰਿ ਨਾਮੁ ਸਮਾਲਿ ॥**
ਸਾਧੂ ਸੰਗਤਿ ਮਨਿ ਵਸੈ ਪੂਰਨ ਹੋਵੈ ਘਾਲ ॥੧॥ ਰਹਾਉ ॥ (ਪੰਨਾ ੫੨)

ਗੁਰਸਿਖ ਨੇ ਸਤਿਗੁਰੂ ਦੇ ਬਚਨ ਕਮਾਵਣ ਲਈ ਗੁਰੁ ਪਰਮੇਸੁਰੁ ਨੂੰ ਮਨ ਤਨ ਵਿਚ ਪਿਆਰ ਵਸਾ ਕੇ ਪੂਜਣਾ ਹੈ। "ਠਾਕੁਰੁ ਗਾਈਐ ਆਤਮ ਰੰਗਿ" ਅਤੇ "ਕਰਹਿ ਭਗਤਿ ਆਤਮ ਕੈ ਚਾਇ" ਨਾਲ ਸੰਪੂਰਤ ਹੋ ਕੇ ਹਰਿ ਹਰਿ ਨਾਮ ਨੂੰ ਸਮਾਲਣਾ ਹੈ, ਸਿਮਰਨਾ ਹੈ।

ਇਸ ਨਾਮ ਦੀ ਸੱਚੀ ਸੁਚੀ ਘਾਲ ਕਮਾਈ ਕਰਨ ਦੇ ਤੁਫੈਲ ਗੁਰਸਿਖ ਦੇ ਅੰਦਰ ਦੈਵੀ ਗੁਣ ਆ ਵਸਦੇ ਹਨ। ਜਿਉਂ ਜਿਉਂ ਉਹ ਨਾਮ ਸਮਾਲਦਾ ਹੈ ਤਿਉਂ ਤਿਉਂ ਨਿਮਰਤਾ ਤੇ ਗਰੀਬੀ ਉਸ ਦੇ ਮਨ ਵਿਚ ਵਸਦੀ ਜਾਂਦੀ ਹੈ, ਉਸ ਦਾ ਹਿਰਦਾ ਵਿਸ਼ਾਲ ਉਦਾਰਤਾ ਵਾਲਾ ਹੁੰਦਾ ਜਾਂਦਾ ਹੈ, ਹਰੇਕ ਨੂੰ ਸੁਖ ਪਹੁੰਚਾ ਕੇ ਉਸ ਨੂੰ ਪ੍ਰਸੰਨਤਾ ਮਿਲਦੀ ਹੈ। ਉਹ ਧਰਮੀ, ਸੰਤੋਖੀ ਤੇ ਪਰਉਪਕਾਰੀ ਜੀਵਨ ਜੀਣ ਲਈ ਧਰਮ ਦੀ ਕਿਰਤ ਕਰਦਾ ਹੈ ਅਤੇ ਉਸ ਕਮਾਈ ਵਿਚੋਂ ਵੰਡ ਕੇ ਛਕਦਾ ਹੈ। ਉਹ ਮਾਂਗਤ ਨਹੀਂ ਬਣਦਾ, ਸਗੋਂ ਕਿਰਤ ਕਮਾਈ ਕਰ ਕੇ ਸਦਾ ਦਾਤਾਰ ਪਿਤਾ ਦਾ ਬਖਸ਼ਿਆ ਪਦਾਰਥ ਲੋੜਵੰਦਿਆਂ ਨੂੰ ਦੇ ਕੇ ਸਿੱਖੀ ਮਾਰਗ ਤੇ ਚਲਦਾ ਹੈ।

ਗੁਰੂ ਕੇ ਸਿਖ ਦੇ ਹਿਰਦੇ ਵਿਚ ਮਨੁਖ ਮਾਤਰ ਲਈ ਹੀ ਨਹੀਂ, ਸਗੋਂ ਸੰਸਾਰ ਭਰ ਦੇ ਸਭਨਾਂ ਜੀਆਂ ਪ੍ਰਤੀ ਦਇਆ ਹੁੰਦੀ ਹੈ, ਉਹ ਸਰਬੱਤ ਦਾ ਭਲਾ ਮੰਗਦਾ ਹੈ। ਉਹ ਕਿਸੇ ਦਾ ਬੁਰਾ ਨਹੀਂ ਚਿਤਵਦਾ, ਉਹ ਕਿਸੇ ਨੂੰ ਦੁਖ ਨਹੀਂ ਦੇਂਦਾ। ਵੱਡੀ ਤੋਂ ਵੱਡੀ ਔਕੜ ਵੇਲੇ ਵੀ ਉਹ ਸੱਚ ਦਾ ਪਲਾ ਨਹੀਂ ਛਡਦਾ। ਸੱਚ ਸਰੂਪ ਵਾਹਿਗੁਰੂ ਦਾ ਸੱਚਾ ਨਾਮ ਸਮਾਲਣ ਕਰਕੇ ਉਸ ਦਾ ਹਰੇਕ ਕਰਤੱਵ ਸੱਚ ਦੇ ਪ੍ਰਾਇਣ ਹੋ ਜਾਂਦਾ ਹੈ।

ਹਾਂ ਜੀ, ਇਹ ਹੈ ਗੁਰਸਿਖ ਦੀ ਕਰਣੀ। ਇਸ ਉਤਮ ਕਰਣੀ ਤੋਂ ਬਿਨਾਂ ਸਿਖ ਕੁਝ ਵੀ ਨਹੀਂ—

ਜਹ ਕਰਣੀ ਤਹ ਪੂਰੀ ਮਤਿ ॥ ਕਰਣੀ ਬਾਝਹੁ ਘਟੇ ਘਟਿ ॥੩॥੩॥ (ਪੰਨਾ ੨੫)

ਅਤੇ—ਸਚੋ ਸਚੁ ਵਖਾਣੈ ਕੋਇ ॥ ਨਾਨਕ ਅਗੈ ਪੁਛਿ ਨ ਹੋਇ ॥੨॥੧੧॥ (ਪੰਨਾ ੯੫੨)

ਜਿਹੜਾ ਕੋਈ ਸੱਚ ਹੀ ਸੱਚ ਸਰੂਪ ਵਾਹਿਗੁਰੂ ਨੂੰ ਵਖਾਣਦਾ ਹੈ, ਸਿਮਰਦਾ ਹੈ, ਉਸ ਦੇ ਲੇਖੇ ਦੀ ਸੱਚੇ ਪ੍ਰਭੂ ਦੇ ਦਰਬਾਰ ਵਿਚ ਪੁਛ ਨਹੀਂ ਹੁੰਦੀ। ਸੱਚੇ ਦੇ ਦਰਬਾਰ ਵਿਚ ਪ੍ਰਾਣੀ ਦੀ ਕਰਣੀ ਵਾਚੀ ਜਾਣੀ ਹੈ, ਉਸ ਕਰਣੀ ਦੇ ਅਧਾਰ ਤੇ ਉਸ ਨਾਲ ਨਿਆਂ ਹੋਣਾ ਹੈ—

ਕਰਣੀ ਉਪਰਿ ਹੋਇ ਤਪਾਵਸੁ ਜੇ ਕੋ ਕਹੈ ਕਹਾਏ ॥੨॥੨॥ (੧੨੩੦)

ਇਸੇ ਕਰਕੇ ਸਤਿਗੁਰੂ ਜੀ ਨੇ ਮਨੁੱਖ ਦੀ ਕਰਣੀ ਨੂੰ ਕਾਗਜ਼ ਕਿਹਾ ਹੈ, ਜਿਸ ਉਪਰ ਲੇਖਾਂ ਨੂੰ ਲਿਖਣ ਲਈ ਮਨ ਨੂੰ ਸਿਆਹੀ ਵਾਲੀ ਦਵਾਤ ਬਣਾਇਆ ਹੈ। ਇਸ ਮਨ ਦੀ ਦਵਾਤ ਨਾਲ ਸਾਡੇ ਚੰਗੇ ਮੰਦੇ ਕਰਮ ਕਰਣੀ ਦੇ ਕਾਗਜ਼ ਉਪਰ ਲਿਖੀਂਦੇ ਜਾਂਦੇ ਹਨ। ਗੁਰ ਫੁਰਮਾਨ ਹੈ—


www.AKJ.Org

ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ ॥੧॥੩॥ (੯੯੦)

ਬੁਰੇ ਭਲੇ ਕੀਤੇ ਕਰਮਾਂ ਅਨੁਸਾਰ ਪ੍ਰਭੂ ਦੀ ਕਚਹਿਰੀ ਵਿਚ ਲੇਖਾ ਪੁਛਿਆ ਜਾਣਾ ਹੈ, ਪਰ ਇਸ ਗੱਲ ਨੂੰ ਕੋਈ ਵਿਰਲਾ ਵੀਚਾਰਦਾ ਹੈ ਕਿ–

ਸਭਨਾ ਕਾ ਦਰਿ ਲੇਖਾ ਹੋਇ ॥ ਕਰਣੀ ਬਾਝਹੁ ਤਰੈ ਨ ਕੋਇ ॥੨॥੧੧॥ (੯੫੨)

ਅਤੇ–ਭਣਤਿ ਨਾਨਕੁ ਬੂਝੈ ਕੋ ਬੀਚਾਰੀ ॥ ਇਸੁ ਜਗ ਮਹਿ ਕਰਣੀ ਸਾਰੀ ॥

ਕਰਣੀ ਕੀਰਤਿ ਹੋਈ ॥ ਜਾ ਆਪੇ ਮਿਲਿਆ ਸੋਈ ॥੬॥੧॥੧੨॥ (੫੯੯)

ਤਾਂ ਤੇ, ਸਤਿਗੁਰੂ ਜੀ ਗੁਰਸਿਖ ਨੂੰ ਉਪਦੇਸ਼ਦੇ ਹਨ ਕਿ ਸਤਿ ਪੁਰਸ਼ਾਂ ਦੀ ਸੰਗਤ ਵਿਚ ਜੁੜ ਕੇ, ਗੁਰੂ ਦੀ ਦਸੀ ਮਤਿ ਅਨੁਸਾਰ ਵਾਹਿਗੁਰੂ ਦੀ ਸਿਫਤ ਸਲਾਹ ਦੀ ਕਰਣੀ ਦੀ ਘਾਲ ਕਮਾਈ ਕਰ ਅਤੇ ਮਨ ਨੂੰ ਕਾਬੂ ਕਰ ਕੇ ਆਪਣੀ ਹਉਂ ਨੂੰ ਖ਼ਤਮ ਕਰ ਦੇਹ ਤਾਂ ਹੀ ਤੂੰ ਨਦਰਾਲੂ ਵਾਹਿਗੁਰੂ ਦੀ ਨਦਰ ਨਾਲ ਨਿਹਾਲ ਹੋ ਸਕੇਂਗਾ–

ਕਰਣੀ ਕੀਰਤਿ ਗੁਰਮਤਿ ਸਾਰੁ ॥ ਸੰਤ ਸਭਾ ਗੁਣ ਗਿਆਨੁ ਬੀਚਾਰੁ ॥

ਮਨੁ ਮਾਰੇ ਜੀਵਤ ਮਰਿ ਜਾਣੁ ॥ ਨਾਨਕ ਨਦਰੀ ਨਦਰਿ ਪਛਾਣੁ ॥੮॥੩॥ (੧੩੪੩)

ਇਸ ਕਰਣੀ ਘਾਲ ਕਮਾਈ ਤੋਂ ਬਿਨਾਂ ਨਿਰੀ ਕਥਨੀ ਬਦਨੀ ਨੂੰ ਗੁਰਮਤਿ ਵਿਚ ਕੋਈ ਥਾਂ ਨਹੀਂ। ਨਿਰੀਆਂ ਮੂੰਹ ਜ਼ਬਾਨੀ ਗਿਆਨ ਦੀਆਂ ਗੱਲਾਂ ਕਥੀਆਂ ਸੁਣੀਆਂ ਜਾਣੀਆਂ ਕੋਈ ਅਰਥ ਨਹੀਂ ਰਖਦੀਆਂ, ਜਦ ਤਕ ਸਤਿਗੁਰੂ ਦੇ ਬਚਨਾਂ ਨੂੰ ਅਮਲੀ ਤੌਰ ਤੇ ਕਮਾਇਆ ਨਹੀਂ ਜਾਂਦਾ, ਜਦ ਤਕ ਧਰਮੀ ਜੀਵਨ ਜੀਵਿਆ ਨਹੀਂ ਜਾਂਦਾ। ਕਰਣੀ ਬਾਝਹੁ ਨਿਰੀ ਕਥਨੀ ਬਦਨੀ ਬਾਰੇ ਸਤਿਗੁਰਾਂ ਦੇ ਹੁਕਮ ਹਨ–

–ਕਥਨੀ ਕਹਿ ਭਰਮੁ ਨ ਜਾਈ ॥ ਸਭ ਕਥਿ ਕਥਿ ਰਹੀ ਲੁਕਾਈ ॥

ਜਾ ਕਉ ਗੁਰਮੁਖਿ ਆਪਿ ਬੁਝਾਈ ॥ ਤਾ ਕੇ ਹਿਰਦੈ ਰਹਿਆ ਸਮਾਈ ॥੩॥੪॥ (ਪੰਨਾ ੬੫੫)

–ਕਥਨੀ ਬਦਨੀ ਜੇ ਕਰੇ ਮਨਮੁਖਿ ਬੂਝ ਨ ਹੋਇ ॥

ਗੁਰਮਤੀ ਘਟਿ ਚਾਨਣਾ ਹਰਿਨਾਮੁ ਪਾਵੈ ਸੋਇ ॥੩॥੯॥ (ਪੰਨਾ ੪੯੨)

–ਕਥਨ ਸੁਨਾਵਨ ਗੀਤ ਨੀਕੇ ਗਾਵਨ ਮਨ ਮਹਿ ਧਰਤੇ ਗਾਰ ॥੧॥੩੧॥ (ਪੰਨਾ ੫੩੪)

[ਗਾਰ—ਗੰਧਲਾਪਣ]

–ਕਥਨੈ ਕਹਣਿ ਨ ਛੁਟੀਐ ਨਾ ਪੜਿ ਪੁਸਤਕ ਭਾਰ ॥

ਕਾਇਆ ਸੋਚ ਨ ਪਾਈਐ ਬਿਨੁ ਹਰਿ ਭਗਤਿ ਪਿਆਰ ॥੮॥੯॥ (ਪੰਨਾ ੫੯)

ਸਹਸ ਸਿਆਣਪਾਂ ਕਰ ਕੇ ਅਸੀਂ ਕਈ ਤਰ੍ਹਾਂ ਨਾਲ ਕਥਾ-ਵਖਿਆਨ ਸੁਣਦੇ ਵਖਾਣਦੇ ਹਨ, ਪਰ ਵਾਦ ਵਿਵਾਦ ਦੀਆਂ ਗੱਲਾਂ ਬਾਤਾਂ ਨਾਲ, ਨਿਰੀ ਕਥਨੀ ਬਦਨੀ ਨਾਲ ਹਉਮੈ-ਹੰਕਾਰ ਦੀਆਂ ਪੰਡਾਂ ਹੀ ਬੰਨ੍ਹਦੇ ਹਾਂ। ਕੇਵਲ ਸਤਿਗੁਰੂ ਨੂੰ ਭੇਟਣ ਨਾਲ, ਸਤਿਗੁਰੂ ਦੀ ਦਸੀ ਕਾਰ ਕਮਾਵਣ ਨਾਲ ਹੀ ਮਨ ਵਿਚ ਭੈ-ਭਾਵਨੀ ਦਾ ਵਾਸਾ ਹੋਣਾ ਹੈ। ਸਤਿਗੁਰਾਂ ਦੇ ਫੁਰਮਾਨ ਹਨ–

–ਕਥਨੀ ਬਦਨੀ ਨ ਪਾਈਐ ਹਉਮੈ ਵਿਚਹੁ ਜਾਇ ॥

ਸਤਿਗੁਰਿ ਮਿਲਿਐ ਸਦ ਭੈ ਰਚੈ ਆਪਿ ਵਸੈ ਮਨਿ ਆਇ ॥੧॥੫੦॥ (ਪੰਨਾ ੩੨-੩੩)

–ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ ॥

ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ ॥

ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ ॥੨॥੭॥ (ਪੰਨਾ ੧੪੧)

–ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ ॥

ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ ॥੧॥੨੨॥ (ਪੰਨਾ ੪੭੦)

ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਵੀ ਦਸਿਆ ਹੈ ਕਿ ਨਿਰੀ ਗਿਆਨ-ਗੋਸ਼ਟੀ ਕਰਨ ਨਾਲ ਰਹਿਤ-


www.AKJ.Org

ਚਹਿਣੀ ਨਹੀਂ ਆ ਸਕਦੀ। ਨਿਰਾ ਖੰਡ-ਖੰਡ, ਅੱਗ ਅੱਗ, ਵੈਦ ਵੈਦ, ਦਰਬ ਦਰਬ, ਚੰਦਨ ਚੰਦਨ, ਚੰਦ ਚੰਦ ਮੂੰਹ-ਜ਼ਬਾਨੀ ਆਖੀ ਜਾਣ ਨਾਲ ਮੂੰਹ ਮਿੱਠਾ ਨਹੀਂ ਹੋ ਜਾਣਾ, ਪਾਲਾ ਦੂਰ ਨਹੀਂ ਹੋਣਾ, ਰੋਗ ਕਟਿਆ ਨਹੀਂ ਜਾਣਾ, ਧਨ ਪਦਾਰਥ ਨਹੀਂ ਭੋਗੇ ਜਾ ਸਕਦੇ, ਸੁਗੰਧੀ ਪ੍ਰਾਪਤ ਨਹੀਂ ਹੋਣੀ ਅਤੇ ਪ੍ਰਕਾਸ਼ ਨਹੀਂ ਹੋ ਆਉਣਾ। ਆਪ ਦਾ ਕਬਿਤ ਹੈ—

ਖਾਂਡ ਖਾਂਡ ਕਹੈ ਜਿਹਬਾ ਨ ਸ੍ਵਾਦ ਮੀਠੋ ਆਵੈ, ਅਗਨਿ ਅਗਨਿ ਕਹੈ ਸੀਤ ਨ ਬਿਨਾਸ ਹੈ ॥
ਬੈਦ ਬੈਦ ਕਹੈ ਰੋਗ ਮਿਟਤ ਨ ਕਾਹੂ ਕੋ, ਦਰਬ ਦਰਬ ਕਹੈ ਕੋਊ ਦਰਬਹਿ ਨ ਬਿਲਾਸ ਹੈ ॥
ਚੰਦਨ ਚੰਦਨ ਕਹਤ ਪ੍ਰਗਟੈ ਨ ਸੁਬਾਸ ਬਾਸੁ, ਚੰਦ੍ਰ ਚੰਦ੍ਰ ਕਹੈ ਉਜਿਆਰੋ ਨ ਪ੍ਰਗਾਸ ਹੈ ॥
ਤੈਸੇ ਗਿਆਨ ਗੋਸਟਿ ਕਹਤ ਨ ਰਹਤ ਪਾਵੈ, ਕਰਨੀ ਪ੍ਰਧਾਨ ਭਾਨ ਉਦਤਿ ਅਕਾਸ਼ ਹੈ ॥੪੩੭॥

ਆਪ ਜੀ ਨੇ ਅੰਤ ਵਿਚ ਕਰਣੀ ਨੂੰ ਹੀ ਪ੍ਰਧਾਨ ਕਿਹਾ ਹੈ ਅਤੇ ਕਰਣੀ ਕਰਕੇ ਹੀ ਗੁਰ-ਗਿਆਨ ਦਾ ਸੂਰਜ ਪ੍ਰਗਾਸਦਾ ਦਸਿਆ ਹੈ। ਫਿਰ ਇਕ ਹੋਰ ਕਬਿਤ ਵਿਚ ਦਰਸਾਇਆ ਹੈ ਕਿ ਕੇਵਲ ਰਾਹੀਆਂ ਤੋਂ ਰਾਹ ਪੁਛੀ ਜਾਏ, ਪਰ ਉਸ ਰਾਹੇ ਤੁਰੇ ਨਾ, ਵੈਦ ਤੋਂ ਦਵਾਈ ਪੁਛੀ ਜਾਏ ਪਰ ਦਵਾਈ ਨੂੰ ਪੂਰੇ ਸੰਜਮ ਨਾਲ ਖਾਵੇ ਨਾ, ਪ੍ਰਭੂ-ਮਿਲਾਪ ਲਈ ਸੁਹਾਗਣਾਂ ਤੋਂ ਸਾਧਨ ਪੁਛੀ ਜਾਏ ਪਰ ਕ੍ਰਮ ਦੁਹਾਗਣਾਂ ਵਾਲੇ ਕਰੀ ਜਾਵੇ ਤਾਂ ਉਹ ਪ੍ਰੀਤਮ ਪਿਆਰੇ ਦੇ ਦੇਸ ਨੂੰ ਕਿਵੇਂ ਅਪੜ ਸਕਦਾ ਹੈ, ਕਿਵੇਂ ਆਪਣਾ ਰੋਗ ਮਿਟਾ ਸਕਦਾ ਹੈ ਅਤੇ ਪ੍ਰਭੂ-ਮਿਲਾਪ ਨੂੰ ਪ੍ਰਾਪਤ ਹੋ ਸਕਦਾ ਹੈ ? ਉਹ ਕਬਿਤ ਇਉਂ ਹੈ—

ਪੂਛਤ ਪਥਿਕ ਤਿਹ ਮਾਰਗਿ ਨ ਧਾਰੈ ਪਗ, ਪ੍ਰੀਤਮ ਕੇ ਦੇਸ ਕੈਸੇ ਬਾਤਨ ਸੇ ਜਾਈਐ ॥
ਪੂਛਤ ਹੈ ਬੈਦ ਖਾਤ ਅਉਖਧਿ ਨ ਸੰਜਮ ਸੈ, ਕੈਸੇ ਮਿਟੈ ਰੋਗ ਸੁਖ ਸਹਜਿ ਸਮਾਈਐ ॥
ਪੂਛਤ ਸੁਹਾਗਨਿ ਕਰਮ ਹੈ ਦੁਹਾਗਨਿ ਕੈ, ਰਿਦੈ ਬਿਭਚਾਰ ਕਤ ਸਿਹਜਾ ਬੁਲਾਈਐ ॥
ਗਾਏ ਸੁਨੇ ਆਂਖੇ ਮੀਚੇ ਪਾਈਐ ਨ ਪਰਮ ਪਦ, ਗੁਰ ਉਪਦੇਸੁ ਗਹਿ ਜਉ ਲਉ ਨ ਕਮਾਈਐ ॥੪੩੯॥

ਚੌਥੀ ਤੁਕ ਵਿਚ ਆਪ ਜੀ ਨੇ ਨਿਰਣਾ ਕਰ ਦਿਤਾ ਹੈ ਕਿ ਨਿਰਾ ਪ੍ਰੀਤਮ ਦੇ ਗੀਤ ਗਾਉਣ, ਕਥਾ ਵਾਰਤਾ ਸੁਣਨ ਅਤੇ ਅੱਖਾਂ ਮੀਟ ਕੇ ਧਿਆਨ ਲਾਉਣ ਨਾਲ ਉਚੀ ਆਤਮ-ਅਵਸਥਾ ਨਹੀਂ ਪਾਈ ਜਾ ਸਕਦੀ, ਜਦ ਤਕ ਕਿ ਗੁਰ-ਉਪਦੇਸ਼ ਨਾਮ-ਸਿਮਰਨ ਨੂੰ ਦ੍ਰਿੜ੍ਹ ਕਰ ਕੇ, ਉਸ ਦੀ ਕਮਾਈ ਨਹੀਂ ਕੀਤੀ ਜਾਂਦੀ।

ਇਸੇ ਭਾਵ ਨੂੰ ਗੁਰਬਾਣੀ ਇਉਂ ਸਪੱਸ਼ਟ ਕਰਦੀ ਹੈ—

ਗਿਆਨੁ ਗਿਆਨੁ ਕਥੈ ਸਭੁ ਕੋਈ ॥ ਕਥਿ ਕਥਿ ਬਾਦੁ ਕਰੇ ਦੁਖੁ ਹੋਈ ॥
ਕਥਿ ਕਹਣੈ ਤੇ ਰਹੈ ਨ ਕੋਈ ॥ ਬਿਨੁ ਰਸ ਰਾਤੇ ਮੁਕਤਿ ਨ ਹੋਈ ॥੨॥
ਗਿਆਨੁ ਧਿਆਨੁ ਸਭੁ ਗੁਰ ਤੇ ਹੋਈ ॥ ਸਾਚੀ ਰਹਤ ਸਾਚਾ ਮਨ ਸੋਈ ॥
ਮਨਮੁਖ ਕਥਨੀ ਹੈ ਪਰ ਰਹਤ ਨ ਹੋਈ ॥ ॥੩॥੧॥ (ਪੰਨਾ ੮੩੧)

ਅਤੇ— ਮਾਨੁਖ ਕਥੈ ਕਥਿ ਲੋਕ ਸੁਨਾਵੈ, ਜੋ ਬੋਲੈ ਸੋ ਨ ਬੀਚਾਰੇ ॥
ਸਤਸੰਗਤਿ ਮਿਲੈ ਤ ਦਿੜਤਾ ਆਵੈ, ਹਰਿ ਰਾਮ ਨਾਮ ਨਿਸਤਾਰੇ ॥੩॥੩॥ (੯੮੧)

ਜੇ ਪ੍ਰਾਣੀ ਨਾਮ ਜਪਣ ਦੀ ਕਾਰ ਨਹੀਂ ਕਰਦਾ ਅਤੇ ਇਸ ਰਹਤ ਦਾ ਧਾਰਨੀ ਨਹੀਂ ਬਣਦਾ ਤਾਂ ਨਿਰਾ ਗਾਉਣ, ਸੁਣਨ, ਗਿਆਨ ਦੀਆਂ ਗੱਲਾਂ ਕਥ ਕਥ ਕੇ ਲੋਕਾਂ ਨੂੰ ਸੁਣਾਉਣ ਅਤੇ ਅੱਖਾਂ ਮੀਟ ਕੇ ਧਿਆਨ ਲਾਉਣ ਨੂੰ ਸਤਿਗੁਰਾਂ ਨੇ ਨਿਰਾ ਭੇਖ ਅਤੇ ਪਖੰਡ ਕਿਹਾ ਹੈ—

ਕਾਹੇ ਕਉ ਡਿੰਭ ਕਰੈ ਮਨ ਮੂਰਖ, ਡਿੰਭ ਕਰੈ ਅਪਨੀ ਪਤ ਖ੍ਵੈ ਹੈ ॥
ਕਾਹੇ ਕਉ ਲੋਗ ਠਗੇ ਠਗ ਲੋਗਨ, ਲੋਕ ਗਯੋ ਪਰਲੋਕ ਗ੍ਵੈ ਹੈ ॥
ਦੀਨ ਦਿਆਲ ਕੀ ਠੌਰ ਜਹਾਂ, ਤਿਹ ਠੌਰ ਬਿਖੈ ਤੁਹਿ ਠੌਰ ਨ ਐ ਹੈ ॥
ਚੇਤ ਰੇ ਚੇਤ ਅਚੇਤ ਮਹਾਂ ਜੜ੍ਹ, ਭੇਖ ਕੇ ਕੀਨੇ ਅਲੇਖ ਨ ਪੈ ਹੈ ॥੧੯॥ [ਤੇਤੀ ਸਵੱਯੇ ਪਾ: ੧੦

ਅਤੇ– ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ ਨਹੀ ਹਰਿ ਹਰਿ ਭੀਜੈ ਰਾਮ ਰਾਜੇ ॥
ਜਿਨਾ ਅੰਤਰਿ ਕਪਟੁ ਵਿਕਾਰੁ ਹੈ ਤਿਨਾ ਰੋਇ ਕਿਆ ਕੀਜੈ ॥
ਹਰਿ ਕਰਤਾ ਸਭੁ ਕਿਛੁ ਜਾਣਦਾ ਸਿਰਿ ਰੋਗ ਹਥੁ ਦੀਜੈ ॥
ਜਿਨਾ ਨਾਨਕ ਗੁਰਮੁਖਿ ਹਿਰਦਾ ਸੁਧੁ ਹੈ ਹਰਿ ਭਗਤਿ ਹਰਿ ਲੀਜੈ ॥੪॥੧੧॥੧੮॥ (੪੫੦)

ਜੇ ਕੋਈ ਗੁਰਮੁਖੀ ਬਾਣੇ ਤੇ ਪੋਚਵੀਆਂ ਦਸਤਾਰਾਂ ਸਜਾ ਕੇ, ਸੁੰਦਰ ਸਜੀਲੇ ਬਸਤਰ ਪਹਿਨ ਕੇ ਸੁਰੀਲੀਆਂ ਮਿਠੀਆਂ ਧੁਨਾਂ ਨਾਲ ਕਈ ਤਰ੍ਹਾਂ ਦੇ ਰਾਗ ਨਾਦ ਗਾ ਕੇ ਲੋਕਾਂ ਨੂੰ ਪਤਿਆਉਂਦਾ ਹੈ ਅਤੇ ਬਹੁ-ਭਾਂਤੀ ਧਰਮ-ਪੁਸਤਕਾਂ ਦੇ ਗਿਆਨ ਰੋ ਰੋ ਕੇ ਤੇ ਰੁਆ ਰੁਆ ਕੇ ਸੁਣਾਉਂਦਾ ਹੈ, ਪਰ ਮਨ ਅੰਦਰ ਬਹੁਤੀ ਮਾਇਆ ਇਕੱਤ੍ਰ ਕਰਨ ਦੀ ਪ੍ਰਬਲ ਤ੍ਰਿਸ਼ਨਾ ਹੈ ਤਾਂ ਇਸ ਤਰ੍ਹਾਂ ਦੁਨੀਆ ਨੂੰ ਭਾਵੇਂ ਪ੍ਰਸੰਨ ਕੀਤਾ ਜਾ ਸਕਦਾ ਹੋਵੇ, ਹਰੀ ਪ੍ਰਭੂ ਨੂੰ ਨਹੀਂ ਰੀਝਾਇਆ ਜਾ ਸਕਦਾ। ਉਹ ਹਰੀ ਪ੍ਰਭੂ ਸਾਡੇ ਇਨ੍ਹਾਂ ਜਤਨਾਂ, ਚਤਰਾਈਆਂ ਸਿਆਣਪਾਂ ਦੇ ਪ੍ਰਭਾਵ ਹੇਠ ਨਹੀਂ ਆ ਸਕਦਾ, ਉਹ ਅੰਤਰਜਾਮੀ ਪ੍ਰਬੀਨ ਪ੍ਰਭੂ ਸਾਡੀ ਅੰਦਰਲੀ ਆਤਮ-ਰਹਿਤ-ਰਹਿਣੀ ਨੂੰ ਭਲੀ ਪ੍ਰਕਾਰ ਜਾਣਦਾ ਹੈ, ਬਾਹਰਲੇ ਭੇਖਾਂ ਤੇ ਉਹ ਨਹੀਂ ਭਿਜ ਸਕਦਾ–

ਰਹਤ ਅਵਰ ਕਛੁ ਅਵਰ ਕਮਾਵਤ ॥ ਮਨ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ ॥
ਜਾਨਨਹਾਰ ਪ੍ਰਭੂ ਪ੍ਰਬੀਨ ॥ ਬਾਹਰਿ ਭੇਖ ਨ ਕਾਹੂ ਭੀਨ ॥...੭॥
ਉਪਾਵ ਸਿਆਨਪ ਸਗਲ ਤੇ ਰਹਤ॥ ਸਭੁ ਕਿਛੁ ਜਾਨੈ ਆਤਮ ਕੀ ਰਹਤ॥੮॥੫॥ (ਸੁਖਮਨੀ ਸਾਹਿਬ)

ਸੱਚੀ ਬਾਣੀ ਅਤੇ ਗੁਰ-ਸ਼ਬਦ ਦੀ ਵੀਚਾਰ ਬਿਨਾਂ, ਪ੍ਰਭੂ-ਪ੍ਰੀਤ ਬਿਹੂਣ, ਨਿਰੀ ਮਾਇਕ ਤ੍ਰਿਸ਼ਨਾ ਅਤੇ ਹਉਮੈ ਅਧੀਨ ਰਾਗ ਰਾਗਨੀਆਂ ਅਲਾਪਣੀਆਂ ਅਤੇ ਨਚ ਟਪ ਕੇ ਗਾ ਗਾ ਕੇ ਪ੍ਰਭਾਵ ਪਾਉਣਾ ਪ੍ਰਭੂ-ਪ੍ਰਾਪਤੀ ਦਾ ਸਾਧਨ ਨਹੀਂ। ਇਸ ਪ੍ਰਥਾਇ ਸਪੱਸ਼ਟ ਗੁਰ-ਫੁਰਮਾਨ ਹਨ–

–ਸਚਾ ਅਲਖ ਅਭੇਉ ਹਠਿ ਨ ਪਤੀਜਈ ॥ ਇਕਿ ਗਾਵਹਿ ਰਾਗ ਪਰੀਆ ਰਾਗਿ ਨ ਭੀਜਈ ॥
ਇਕਿ ਨਚਿ ਨਚਿ ਪੂਰਹਿ ਤਾਲ, ਭਗਤਿ ਨ ਕੀਜਈ ॥...
ਤ੍ਰਿਸਨਾ ਹੋਈ ਬਹੁਤੁ ਕਿਵੈ ਨ ਧੀਜਈ॥੧੭॥ (੧੨੮੫)

–ਇਕ ਗਾਵਤ ਰਹੇ ਮਨ ਸਾਦੁ ਨਾ ਪਾਇ ॥ ਹਉਮੈ ਵਿਚਿ ਗਾਵਹਿ ਬਿਰਥਾ ਜਾਇ ॥
ਗਾਵਣਿ ਗਾਵਹਿ ਜਿਨ ਨਾਮ ਪਿਆਰੁ ॥ ਸਾਚੀ ਬਾਣੀ ਸਬਦ ਬੀਚਾਰੁ ॥੧॥......
ਨਚਿਐ ਟਪਿਐ ਭਗਤਿ ਨ ਹੋਇ ॥ ਸਬਦਿ ਮਰੈ ਭਗਤਿ ਪਾਏ ਜਨ ਸਇ ॥੩॥੨੪॥ (੧੫੮-੫੯)

–ਜਿਸ ਨੋ ਪਰਤੀਤਿ ਹੋਵੈ ਤਿਸ ਕਾ ਗਾਵਿਆ ਥਾਇ ਪਾਵੈ, ਸੋ ਪਾਵੈ ਦਰਗਹ ਮਾਨੁ ॥
ਜੋ ਬਿਨੁ ਪਰਤੀਤੀ ਕਪਟੀ ਕੂੜੀ ਕੂੜੀ ਅਖੀ ਮੀਟਦੇ ਉਨ ਕਾ ਉਤਰਿ ਜਾਇਗਾ ਝੂਠੁ ਗੁਮਾਨੁ॥੩॥੧੧॥[੭੩੪

ਸੱਚੀ ਪ੍ਰੀਤੀ ਅਤੇ ਪੂਰਨ ਪ੍ਰਤੀਤੀ ਬਿਨਾਂ ਕਥਨਾ ਵਖਾਨਣਾ ਅਤੇ ਰਾਗ ਨਾਦ ਗਾਉਣਾ ਨਿਰਾਂ ਭੇਖ-ਦਿਖਾਵਾ ਹੈ। ਗੁਰਬਾਣੀ ਫੁਰਮਾਂਦੀ ਹੈ–

ਦਿਲਹੁ ਮੁਹਬਤਿ ਜਿਨ੍ ਸੇਈ ਸਚਿਆ ॥ ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥੧॥ (੪੮੦)

ਜੇ ਹਿਰਦੇ ਅੰਦਰ ਪ੍ਰੀਤ-ਪ੍ਰਤੀਤ ਨਹੀਂ, ਮਨ ਵਿਚ ਕੁਝ ਹੋਰ ਹੈ ਤੇ ਮੂੰਹ ਵਿਚ ਕੁਝ ਹੋਰ ਤਾਂ ਉਹ ਕਚੇ ਕੂੜਿਆਰ ਹਨ। ਦਸਮ ਪਾਤਸ਼ਾਹ ਜੀ ਨੇ ਦੁਹਾਈ ਦੇ ਕੇ ਇਹ ਗੱਲ ਨਿਖਾਰ ਕੇ ਦਸੀ ਹੈ–

ਸਾਚੁ ਕਹੌਂ ਸੁਨ ਲੇਹੁ ਸਭੈ, ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ ॥੯॥ (ਤ੍ਵਪ੍ਰਸਾਦਿ ਸਵਯੇ)

ਪਰ ਪ੍ਰਭੂ-ਚਰਨਾਂ ਵਿਚ ਜੁੜਨ ਦਾ ਇਹ ਪ੍ਰੇਮ ਮਾਇਆ ਦੇ ਚਮਤਕਾਰ ਨਾਲ ਨਹੀਂ ਵਿਹਾਝਿਆ ਜਾ ਸਕਦਾ। ਜੇ ਮਾਇਆ ਦੀ ਸੋਟ ਕੀਤਿਆਂ ਪ੍ਰਭੂ-ਪ੍ਰੇਮ ਮਿਲ ਸਕਦਾ ਹੁੰਦਾ ਤਾਂ ਸੋਨੇ ਦੀ ਲੰਕਾ ਦੇ ਮਾਲਕ ਰਾਵਣ ਨੂੰ ਸਿਰ ਭੇਟ ਕਰਨ ਦੀ ਕੀ ਲੋੜ ਸੀ–

ਸੰਮਨ ਜਉ ਇਸ ਪ੍ਰੇਮ ਕੀ ਦਮ ਕਿਹੁ ਹੋਤੀ ਸਾਟ॥ ਰਾਵਣ ਹੁਤੇ ਸੁ ਰੰਕ ਨਹਿ ਜਿਨਿ ਸਿਰ ਦੀਨੇ ਕਾਟਿ ॥੧॥
(ਦਮ ਕਿਹੁ ਹੋਤੀ ਸਾਟ=ਦਮਾਂ ਪੈਸਿਆਂ ਨਾਲ ਵਟਾਂਦਰਾ ਹੋ ਸਕਦਾ) (੧੩੬੪)


www.AKJ.Org

ਪ੍ਰਭੂ-ਪ੍ਰੇਮ ਦਾ ਇਹ ਅਮੋਲਕ ਪਦਾਰਥ ਸੋਨੇ ਚਾਂਦੀ ਨਾਲ ਨਹੀਂ, ਸਗੋਂ ਆਪਣਾ ਮਨ ਅਰਪਣ ਕਰ ਕੇ, ਆਪਣਾ ਆਪ ਗੁਆ ਕੇ ਹੀ ਪ੍ਰਾਪਤ ਹੁੰਦਾ ਹੈ—

ਕੰਚਨ ਸਿਉ ਪਾਈਐ ਨਹੀ ਤੋਲਿ ॥ ਮਨੁ ਦੇ ਰਾਮੁ ਲੀਆ ਹੈ ਮੋਲਿ ॥੧॥੧੯॥ (ਪੰਨਾ ੩੨੭)

ਬਸ ਇਹ ਪ੍ਰੀਤ-ਪ੍ਰਤੀਤ ਦੀ ਰਹਿਤ-ਰਹਿਣੀ ਹੀ ਗੁਰਮਤਿ ਅੰਦਰ ਪਰਵਾਨ ਹੈ। ਇਸ ਸੱਚੀ ਕਰਣੀ ਨੂੰ ਕਮਾਉਣਾ ਅਤੇ ਨਾਮ ਨੂੰ ਧਿਆਉਣਾ ਹੀ ਸਤਿਗੁਰੂ ਨੂੰ ਭਾਉਂਦਾ ਹੈ।

ਜੇ ਅਸੀਂ ਤੜਕਸਾਰ ਸੰਗਤ ਵਿਚ ਮਿਲ ਕੇ ਕੀਰਤਨ ਵੀ ਸੁਣੀਏ, ਬਾਣੀ ਵੀ ਪੜ੍ਹੀਏ, ਸਤਿਗੁਰੂ ਅਗੇ ਮੱਥੇ ਵੀ ਟੇਕੀਏ ਅਤੇ ਰੋ ਰੋ ਕੇ ਜੋਦੜੀਆਂ ਵੀ ਕਰੀਏ, ਪਰ ਗੁਰੂ ਦੁਆਰੇ ਤੋਂ ਬਾਹਰ ਜਾ ਕੇ ਸਭ ਕੁਝ ਭੁਲ ਜਾਈਏ ਅਤੇ ਕਾਰ ਵਿਹਾਰ ਕਰਦਿਆਂ ਠਗੀ ਠੋਰੀ, ਛਲ ਫ਼ਰੇਬ, ਝੂਠ ਨੂੰ ਸੱਚ ਕਰ ਦਸਣ ਅਤੇ ਹੋਰ ਅਨੇਕ ਸਾਧਨਾਂ ਨਾਲ ਕਾਲਾ ਧਨ ਇਕੱਠਾ ਕਰਨ ਤੋਂ ਸੰਕੋਚ ਨਾ ਕਰੀਏ, ਰਿਸ਼ਵਤਾਂ-ਵਢੀਆਂ ਲੈਣੋਂ ਵੀ ਗੁਰੇਜ਼ ਨਾ ਕਰੀਏ, ਇਥੋਂ ਤਕ ਕਿ ਪੂਜਾ ਦੇ ਧਾਨ ਗੁਰੂ ਕੀ ਗੋਲਕ ਵਿਚ ਹੇਰ ਫੇਰ ਕਰ ਕੇ ਉਸ ਨੂੰ ਛਕਣ ਛਕਾਣ ਤੋਂ ਵੀ ਨਾ ਸ਼ਰਮਾਈਏ ਤਾਂ ਫਿਰ 'ਸਦ ਸੁਣਦੇ ਸਦ ਵੇਖਦੇ' ਪ੍ਰਭੂ ਤੋਂ ਇਹ ਸਭ ਕੁਝ ਕਿਵੇਂ ਲੁਕਾਇਆ ਜਾ ਸਕਦਾ ਹੈ ? ਉਸ ਸੱਚੇ ਦਰਬਾਰ ਵਿਚ ਗਇਆਂ ਇਨ੍ਹਾਂ ਕੀਤੇ ਕੁਕਰਮਾਂ ਤੋਂ ਮੁਕਰਿਆ ਨਹੀਂ ਜਾ ਸਕੇਗਾ—

ਸਭੁ ਕਿਛੁ ਜਾਣਦਾ ਵੇਖਦਾ ਕਿਉ ਮੁਕਰਿ ਪਇਆ ਜਾਇ ॥
ਪਾਪੋ ਪਾਪ ਕਮਾਵਦੇ ਪਾਪੋ ਪਚਹਿ ਪਚਾਇ ॥
ਸੋ ਪ੍ਰਭੁ ਨਦਰਿ ਨ ਆਵਈ ਮਨਮੁਖਿ ਬੂਝ ਨ ਪਾਇ ॥੪॥੫੬॥ (ਪੰਨਾ ੩੬)

ਅਸੀਂ ਇਹ ਭੁਲ ਜਾਂਦੇ ਹਾਂ ਕਿ—

ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ ॥

ਫਿਰ— ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ ॥੩॥ (ਆਸਾ ਦੀ ਵਾਰ)

ਅੱਜ ਸਾਡੀ ਦਸ਼ਾ ਇਹ ਹੈ ਕਿ—

ਗਲੀ ਅਸੀ ਚੰਗੀਆ ਆਚਾਰੀ ਬੁਰੀਆਹ ॥
ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ ॥੨॥੭॥ (ਪੰਨਾ ੮੫)

ਅਤੇ—ਗਲੀ ਹਉ ਸੁਹਾਗਣਿ ਭੈਣੇ ਕੰਤੁ ਨ ਕਬਹੂ ਮੈ ਮਿਲਿਆ ॥੨੩॥ (੪੨੩)

ਪੁਰਾਤਨ ਗੁਰਸਿੱਖਾਂ ਦੇ ਜੀਵਨ ਅੰਦਰੋਂ ਬਾਹਰੋਂ ਇਕ ਸਨ। ਉਹ ਪਰਉਪਕਾਰੀ ਤੇ ਸੰਤੋਖੀ ਜੀਊੜੇ ਉੱਚੀ ਸੁੱਚੀ ਕਰਣੀ ਕਮਾਈ ਵਾਲੇ ਸਨ ਅਤੇ ਊਠਤ ਬੈਠਤ ਨਾਮ ਧਿਆਉਂਦਿਆਂ ਸਦਾ ਸੱਚ ਕਮਾਂਦੇ ਸਨ। ਇਸੇ ਸੱਚ ਦੇ ਕਾਰਨ ਉਸ ਜ਼ੁਲਮੀ ਰਾਜ ਦੇ ਸਮੇਂ ਵੀ ਇਹ ਅਖੌਤ ਪ੍ਰਚਲਤ ਸੀ—

ਆਏ ਨੀ ਨਿਹੰਗ ॥ ਬੂਹਾ ਖੋਲ੍ਹ ਦੇ ਨਿਸੰਗ ॥

ਸਿੱਖਾਂ ਨੂੰ ਤਸੀਹੇ ਦੇ ਦੇ ਕੇ ਮਾਰਨ ਵਾਲੀ ਮੁਗ਼ਲ ਹਕੂਮਤ ਵੀ ਸਿੱਖਾਂ ਦੇ ਸੱਚ ਦਾ ਸਿੱਕਾ ਮੰਨਦੀ ਸੀ। ਇਸੇ ਸੱਚੀ ਸੁੱਚੀ ਕਰਣੀ ਵਾਲੇ ਜੀਵਨ ਸਦਕਾ ਹੀ ਪੁਰਾਤਨ ਗੁਰਸਿਖ ਮਹਾਨ ਬਿਖੜੇ ਸਮਿਆਂ ਵਿਚ ਜੰਗਲਾਂ ਬੇਲਿਆਂ ਵਿਚ ਦਿਨ-ਕਟੀ ਕਰ ਕੇ, ਭੁੱਖੇ-ਤਿਹਾਏ ਤੇ ਫਟੇ-ਪੁਰਾਣੇ ਲੀੜਿਆਂ ਵਿਚ ਰਹਿ ਕੇ ਸਦਾ ਚੜ੍ਹਦੀਆਂ ਕਲਾਂ ਵਿਚ ਵਿਚਰਦੇ ਸਨ। ਦੁਖਾਂ ਮੁਸੀਬਤਾਂ ਵਿਚ ਵੀ ਸਿੱਖੀ ਸਿਦਕ ਤੋਂ ਡੋਲਦੇ ਨਹੀਂ ਸਨ ਅਤੇ ਬਾਣੀ ਪੜ੍ਹਦੇ ਤੇ ਜੈਕਾਰੇ ਛਡਦੇ ਸ਼ਹੀਦੀਆਂ ਪਾ ਜਾਂਦੇ ਸਨ। ਇਸ ਸੱਚੇ ਜੀਵਨ ਦੇ ਤੁਫ਼ੈਲ ਹੀ ਉਹ ਸਦਾ ਵੈਰੀਆਂ ਨਾਲ ਰਣ-ਤੱਤੇ ਵਿਚ ਜੂਝਦੇ ਹੋਏ ਜਿੱਤਾਂ ਪ੍ਰਾਪਤ ਕਰਦੇ ਅਤੇ ਦੁਸ਼ਟਾਂ ਦੋਖੀਆਂ ਨੂੰ ਦਿਨ-ਦੀਵੀ ਤਾਰੇ ਵਿਖਾਂਦੇ ਰਹੇ ਹਨ।

ਆਓ, ਅਸੀਂ ਆਪੋ ਆਪਣੀ ਕਰਣੀ ਵਾਚੀਏ, ਆਪਣੇ ਅੰਦਰ ਝਾਤੀ ਮਾਰੀਏ ਅਤੇ ਵੇਖੀਏ ਕਿ ਕਿਤੇ ਅਸੀਂ ਕਾਲੇ ਲੇਖ ਤਾਂ ਨਹੀਂ ਲਿਖੀ ਜਾ ਰਹੇ—

ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ ॥
ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ ॥੬॥ (ਪੰਨਾ ੧੩੭੮)


www.AKJ.org

# ਸਿੱਖ ਕੌਮ ਦਾ ਵਿਕਾਸ [੨]

[ਪ੍ਰਿੰਸੀਪਲ ਗੁਰਮੁਖ ਸਿੰਘ ਜੀ, ਮੁਖੀ ਸਿੱਖ ਇਤਿਹਾਸ ਰੀਸਰਚ ਬੋਰਡ, ਐਸ. ਜੀ. ਪੀ. ਸੀ., ਅੰਮ੍ਰਿਤਸਰ]

ਨੰਨੈ ਨਾਹ ਭੋਗ ਨਿਤ ਭੋਗੈ ਨਾ ਡੀਠਾ ਨਾ ਸੰਮ੍ਹਲਿਆ ॥
ਗਲੀ ਹਉ ਸੋਹਾਗਣਿ ਭੈਣੇ ਕੰਤੁ ਨ ਕਬਹੂੰ ਮੈ ਮਿਲਿਆ ॥੨੩॥

(ਆਸਾ ਮ: ੧, ਪਟੀ ਲਿਖੀ, ਪੰਨਾ ੪੩੩)

ਵਾਹ ! ਕਿਆ ਖੂਬਸੂਰਤ ਦ੍ਰਿਸ਼ ਪੇਸ਼ ਕੀਤਾ ਹੈ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਉਪਰੋਕਤ ਪੰਗਤੀਆਂ ਵਿਚ ! ਨੰਨੇ ਅਖਰ ਦੁਆਰਾ ਆਪ ਉਸ ਮਨੁੱਖ ਦੀ ਹਾਲਤ ਬਾਰੇ ਦਸ ਰਹੇ ਹਨ ਜੋ ਪਤੀ ਪਰਮੇਸ਼ਰ (ਨਾਹ) ਜੀ ਦੇ ਛੱਤੀ ਪ੍ਰਕਾਰੀ ਪਦਾਰਥਾਂ ਦੇ ਭੋਗ ਤਾਂ ਭੋਗਦਾ ਹੈ, ਪਰ ਉਸਨੂੰ ਨਾ ਤਾਂ ਕਦੀ ਯਾਦ ਕੀਤਾ ਹੈ ਤੇ ਨਾ ਹੀ ਕਦੀ ਉਸ ਨੂੰ ਵੇਖਿਆ ਹੈ। ਭਾਵ, ਉਸ ਵਾਹਿਗੁਰੂ ਜੀ ਦੇ ਨਿੱਤ ਰੰਗ ਮਾਨਣਹਾਰੀਆਂ ਜੀਵ ਇਸਤ੍ਰੀਆਂ, ਗੁਣਵੰਤੀਆਂ ਸੋਹਾਗਣਾਂ ਹੋਰ ਹੀ ਹੁੰਦੀਆਂ ਹਨ। ਇਹਨਾਂ ਸੋਹਾਗਣਾਂ ਨੂੰ ਸੰਬੋਧਨ ਹੋ ਕੇ ਜਿਵੇਂ ਕੋਈ ਅਭਾਗਣ ਗੁਣਹੀਣ ਇਉਂ ਕਹਿ ਰਹੀ ਹੋਵੇ, ਕਿ ਸਾਡੀ ਹਾਲਤ ਤਾਂ ਉਹ ਹੈ ਕਿ ਅਸੀਂ ਪਿਆਰੇ ਕੰਤ (ਵਾਹਿਗੁਰੂ) ਜੀ ਸੰਬੰਧੀ ਲੈਕਚਰਾਂ ਰਾਹੀਂ ਜਾਂ ਲੇਖਾਂ ਰਾਹੀਂ ਬੜਾ ਕੁਝ ਕਹਿ ਸਕਦੇ ਹਾਂ, ਪਰ ਅਸਾਂ ਉਸ ਮਿਠੜੇ ਕੰਤ ਦੇ ਕਦੀ ਦਰਸ਼ਨ ਨਹੀਂ ਕੀਤੇ। ਤੁਸੀਂ ਤਾਂ ਭਾਵੇਂ ਅਸਲ ਅਰਥਾਂ ਵਿਚ ਸੋਹਾਗਣਾਂ ਹੋ, ਪਰ ਅਸੀਂ ਗਲੀਂ-ਬਾਤੀਂ ਸੋਹਾਗਣਾਂ ਹਾਂ।

ਮਾਡਰਨ ਮਨੁੱਖ ਦੀ ਅਤੇ ਖ਼ਾਸ ਕਰਕੇ ਸਿੱਖ ਕੌਮ ਦੀ ਅੱਜ ਇਹੋ ਜਿਹੀ ਦਸ਼ਾ ਹੋਈ ਹੋਈ ਹੈ। ਅੰਦਰ ਝਾਤ ਮਾਰ ਕੇ ਦੇਖੋ ਇਕ ਖੋਖਲਾ-ਪਨ ਜਿਹਾ ਮਲੂਮ ਹੁੰਦਾ ਹੈ। ਆਪੋ ਆਪਣੀ ਵਿੱਤ (ਸ਼ਕਤੀ) ਅਨੁਸਾਰ ਰਹਿਤ ਰਹਿਣੀ ਵਿਚ ਭਾਵੇਂ ਸਾਰੇ ਪਹਿਰਾ ਦਿੰਦੇ ਹੋਣਗੇ, ਪਰ ਅੱਜ ਸਹੀ ਸੋਹਾਗਣਾਂ ਪੰਥ ਵਿਚ ਥੋੜੀਆਂ ਹੀ ਦਿਸਦੀਆਂ ਹਨ। ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ ॥੧॥

(ਵਡਹੰਸੁ ਮ: ੫ ਛੰਤ, ਸਲੋਕ, ਪੰਨਾ ੫੭੭)

ਇਹ ਹਨ ਸੁਜਾਖੀਆਂ ਸੋਹਾਗਣਾਂ, ਜਿਨ੍ਹਾਂ ਨੂੰ ਪ੍ਰੀਤਮ ਦਿਸਦਾ ਹੈ।

ਦੂਜੇ ਪਾਸੇ ਗੱਲੀਂ ਬਾਤੀਂ ਸੋਹਾਗਣਾਂ ਹਨ, ਜੋ ਨੇਤਰਹੀਨ ਹਨ। ਉਹਨਾਂ ਨੂੰ 'ਨਾਹ ਪ੍ਰਭੂ' ਦਿਸਦਾ ਨਹੀਂ, ਜਦ ਕਿ ਉਹ ਕੁਦਰਤਿ ਦੇ ਜ਼ੱਰੇ ਜ਼ੱਰੇ ਵਿਚ ਵਸਿਆ ਹੋਇਆ ਹੈ। ਉਹਨਾਂ ਦੀਆਂ ਬੌਧਿਕ ਅੱਖਾਂ ਵਖ ਵਖ ਅੰਧਿਆਂ ਵਾਂਗ ਹਾਥੀ ਦੇ ਆਕਾਰ ਦੀ ਕਲਪਨਾ ਤਾਂ ਕਰ ਸਕਦੀਆਂ ਹਨ, ਪਰ ਹਾਥੀ ਦਾ ਪੂਰਨ ਸਰੂਪ ਨਹੀਂ ਦੇਖ ਸਕਦੀਆਂ। ਇਕ ਕਹਿੰਦਾ ਹੈ ਹਾਥੀ ਇਕ ਵੱਡੀ ਦੀਵਾਰ ਵਾਂਗ ਹੈ, ਦੂਜੇ ਲਈ ਇਹ ਪੱਖੇ ਵਾਂਗ ਹੈ, ਤੀਜੇ ਲਈ ਇਹ ਕੱਟੇ ਦੀ ਪੂਛ ਵਾਂਗ ਹੈ, ਚੌਥੇ ਲਈ ਇਕ ਮੋਟੇ ਰੱਸੇ ਵਾਂਗ ਹੈ। ਇਹ ਉਹਨਾਂ ਦਾ ਆਪੋ ਆਪਣਾ ਵਿਸ਼ਵਾਸ ਹੈ, ਪਰ ਹਾਥੀ ਨੂੰ ਪਰਤੱਖ ਦੇਖਣ ਵਾਲੇ ਜਾਣਦੇ ਹਨ, ਸੱਚ ਕੀ ਹੈ।

ਅੱਖਾਂ ਵਾਲੇ ਦੇ ਸੱਚ ਦਾ ਅਤੇ ਅੰਨ੍ਹੇ ਦੇ ਵਿਸ਼ਵਾਸ ਦਾ ਜੋ ਫ਼ਰਕ ਹੈ ਉਹੋ ਫ਼ਰਕ ਇਕ ਸਦਾ ਸੋਹਾਗਣ ਦਾ ਤੇ ਗਲੀਂ-ਸੋਹਾਗਣ ਦਾ ਹੈ, ਜੋ ਇਹ ਕਹਿੰਦੀ ਸੁਣੀ ਹੈ—

"ਮੈ ਗੁਣ ਗਲਾ ਕੇ ਸਿਰਿ ਭਾਰ ॥ ਗਲੀ ਗਲਾ ਸਿਰਜਣਹਾਰ" ॥੧॥੯॥

(ਆਸਾ ਮ: ੧, ਪੰਨਾ ੩੫੧)

ਗੁਰਬਾਣੀ ਵਿਚ ਸੂਹੀ ਰਾਗ ਵਿਚ ਦੋ ਸਿਰਲੇਖ ਆਏ ਹਨ। ਪਹਿਲੇ 'ਕੁਚਜੀ' ਹੈ ਅਤੇ ਫਿਰ 'ਸੁਚਜੀ'। ਅਤੇ ਇਹਨਾਂ ਦੋਵਾਂ ਤੋਂ ਇਕ-ਦਮ ਬਾਅਦ ਸਿਰਲੇਖ ਦਿਤਾ ਗਿਆ ਹੈ "ਗੁਣਵੰਤੀ"। ਪਹਿਲੀਆਂ ਦੋਵੇਂ ਰਚਨਾਵਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਹਨ, ਪਰ ਤੀਸਰੀ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਹੈ। ਪਹਿਲੇ ਪਹਿਲ ਇਹਨਾਂ ਬਚਨਾਂ ਨੂੰ ਪੜ੍ਹ ਕੇ ਬੜੀ ਹੈਰਾਨੀ ਹੁੰਦੀ ਸੀ, ਪਰ ਅੱਜ 'ਕੁਚਜੀ' ਦੇ ਸਾਰੇ ਲੱਛਣ ਮਾਡਰਨ ਸਿੱਖ ਅੰਦਰ ਆਏ ਲਗਦੇ ਹਨ, ਜਿਨ੍ਹਾਂ ਤੋਂ ਗੁਰਦੇਵ ਜੀ ਨੇ ਸਾਨੂੰ ਤਾੜਨਾ ਕੀਤੀ ਸੀ—


www.AKJ.Org

੧. ਸੁਇਨਾ ਰੁਪਾ ਰੰਗੁਲਾ, ਮੋਤੀ ਤੈ ਮਾਣਿਕ ਜੀਉ ॥
ਸੇ ਵਸਤੂ ਸਹਿ ਦਿਤੀਆ, ਮੈ ਤਿਨ ਸਿਉ ਲਾਇਆ ਚਿਤੁ ਜੀਉ ॥
੨. ਮੰਦਰ ਮਿਟੀ ਸੰਦੜੇ ਪਥਰ ਕੀਤੇ ਰਾਸਿ ਜੀਉ ॥
ਹਉ ਏਨੀ ਟੋਲੀ ਭੁਲੀਅਸੁ ਤਿਸੁ ਕੰਤ ਨ ਬੈਠੀ ਪਾਸਿ ਜੀਉ ॥ (ਸੂਹੀ ਮ: ੧, ੭੬੨)

ਭਾਵ ਸਮੂਹ ਮਾਇਕ ਪਦਾਰਥਾਂ ਸੋਨਾ, ਚਾਂਦੀ, ਮੋਤੀ ਹੀਰੇ, ਰਿਹਾਇਸ਼ ਲਈ ਸੁੰਦਰ ਘਰ, ਇਹਨਾਂ ਨੂੰ ਮੈਂ ਪਿਆਰ ਕਰਦਾ, ਤੇ ਵਾਹਿਗੁਰੂ ਜੀ ਭੁਲ ਗਿਆ ਹਾਂ; ਜਿਸ ਕਰਕੇ ਮੈਨੂੰ ਉਸਦੀ ਹਜ਼ੂਰੀ ਪ੍ਰਾਪਤ ਨਹੀਂ ਹੁੰਦੀ।

ਜਿਥੇ ਕੁਚਜੀ ਨੂੰ ਮਾਦਾ ਪ੍ਰਸਤੀ ਦੀ ਅਗਿਆਨਤਾ ਵਿਚ ਗਲਤਾਨ ਦਸਿਆ ਹੈ; ਉਥੇ 'ਸੁਚਜੀ' ਸਿਰਲੇਖ ਵਾਲੇ ਸ਼ਬਦ ਵਿਚ ਨਿਤ-ਸੁਹਾਗਣ ਨੂੰ ਪ੍ਰਭੂ ਦੀ ਰਜ਼ਾ ਵਿਚ ਸਦਾ ਜੁੜੀ ਹੋਈ ਦਸਿਆ ਹੈ—

(ੳ) ਭਾਣੈ ਤਖਤਿ ਵਡਾਈਆ, ਭਾਣੈ ਭੀਖ ਉਦਾਸਿ ਜੀਉ ॥
(ਅ) ਭਾਣੈ ਭਵਜਲ ਲੰਘੀਐ, ਭਾਣੈ ਮੰਝਿ ਭਰੀਆਸਿ ਜੀਉ ॥
(ੲ) ਕਿਆ ਮਾਗਉ ਕਿਆ ਕਹਿ ਸੁਣੀ ਮੈ ਦਰਸਨ ਭੂਖ ਪਿਆਸਿ ਜੀਉ ॥
(ਸ) ਗੁਰ ਸਬਦੀ ਸਹੁ ਪਾਇਆ ਸਚੁ ਨਾਨਕ ਕੀ ਅਰਦਾਸਿ ਜੀਉ ॥੨॥ (ਪੰਨਾ ੭੬੨)

ਸਿੱਖ ਕੌਮ ਦੀ ਬਾਲ ਅਵਸਥਾ ਵਿਚ ਆਪਾ ਵਾਰਨ, ਆਪਾ ਮੇਟਣ ਦੀ ਝਲਕ ਪੈਂਦੀ ਹੈ। 'ਗੁਣਵੰਤੀ' ਦੇ ਸਿਰਲੇਖ ਹੇਠਾਂ ਇਸੇ ਰੁਚੀ ਦੇ ਦਰਸ਼ਨ ਹੁੰਦੇ ਹਨ।

'ਗੁਣਵੰਤੀ' ਵਾਲੇ ਸ਼ਬਦ ਵਿਚ ਦੋ ਸਤਿਸੰਗਣਾਂ ਦੀ ਵਾਰਤਾਲਾਪ ਦਾ ਨਕਸ਼ਾ ਬੰਨ੍ਹਿਆ ਹੈ। ਇਕ ਗੁਰਮਤਿ ਮਾਰਗ ਤੇ ਚਲਣ ਵਾਲੀ ਗੁਰਸਿਖ-ਸੁਹਾਗਣ ਹੈ, ਤੇ ਦੂਜੀ ਜਗਿਆਸੂ ਸਤਿਸੰਗਣ ਖੋਜਦੀ ਖੋਜਦੀ ਆ ਕੇ ਪਹਿਲੀ ਤੋਂ ਗੁਰੂ ਘਰ ਦੀ ਮਰਜਾਦਾ ਪੁਛਦੀ ਹੈ—

ਜੋ ਦੀਸੈ ਗੁਰਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥
ਆਖਾ ਬਿਰਥਾ ਜੀਅ ਕੀ ਗੁਰੁ ਸਜਣੁ ਦੇਹਿ ਮਿਲਾਇ ਜੀਉ ॥
ਸੋਈ ਦਸਿ ਉਪਦੇਸੜਾ ਮੇਰਾ ਮਨੁ ਅਨਤ ਨ ਕਾਹੂ ਜਾਇ ਜੀਉ ॥
ਇਹ ਮਨੁ ਤੈ ਕੂੰ ਡੇਵਸਾ ਮੈ ਮਾਰਗੁ ਦੇਹੁ ਬਤਾਇ ਜੀਉ ।
ਹਉ ਆਇਆ ਦੂਰਹੁ ਚਲਿ ਕੈ ਮੈ ਤਕੀ ਤਉ ਸਰਣਾਇ ਜੀਉ ॥

ਗੁਣਵੰਤੀ ਸੁਹਾਗਣਿ ਇਸਤ੍ਰੀ ਜਗਿਆਸੂ ਸਤਿਸੰਗਣ ਨੂੰ ਉਪਦੇਸ਼ ਦੇਂਦੀ ਹੈ—

ਇਤੁ ਮਾਰਗਿ ਚਲੇ ਭਾਈਅੜੇ, ਗੁਰੁ ਕਹੈ ਸੁ ਕਾਰ ਕਮਾਇ ਜੀਉ ॥
ਤਿਆਗੇਂ ਮਨ ਕੀ ਮਤੜੀ, ਵਿਸਾਰੇਂ ਦੂਜਾ ਭਾਉ ਜੀਉ ॥
ਇਉ ਪਾਵਹਿ ਹਰਿ ਦਰਸਾਵੜਾ, ਨਹ ਲਗੈ ਤਤੀ ਵਾਉ ਜੀਉ ॥ (ਪੰਨਾ ੭੬੩)

ਪਹਿਲਾ ਸਤਸੰਗੀ ਉਸਨੂੰ ਗੁਰੂ ਅਨੁਸਾਰੀ ਹੋਣ ਲਈ ਪ੍ਰੇਰਦਾ ਹੈ, ਅਤੇ ਦੂਜੇ ਅੰਦਰ ਆਪਾ-ਭਾਵ ਮੇਟਣ ਦੀ ਭਾਵਨਾ ਉਜਾਗਰ ਕਰਨ ਲਈ ਉਸ ਨੂੰ ਦਸਦਾ ਹੈ ਕਿ ਮੈਂ ਆਪਣੀ ਅਕਲ-ਸਿਆਣਪ ਨਾਲ ਕੁਝ ਕਹਿਣਾ ਨਹੀਂ ਜਾਣਦਾ, ਸਗੋਂ ਜੋ ਕੁਝ ਮੈਂ ਤੈਨੂੰ ਕਹਿਆ ਹੈ, ਇਹ ਗੁਰੂ ਦਾ ਹੁਕਮ ਹੀ ਦਸਿਆ ਹੈ—

ਹਉ ਆਪਹੁ ਬੋਲਿ ਨ ਜਾਣਦਾ, ਮੈ ਕਹਿਆ ਸਭੁ ਹੁਕਮਾਉ ਜੀਉ ॥
ਹਰਿ ਭਗਤਿ ਖਜਾਨਾ ਬਖਸਿਆ ਗੁਰਿ ਨਾਨਕਿ ਕੀਆ ਪਸਾਉ ਜੀਉ ॥
ਮੈ ਬਹੁੜਿ ਨ ਤ੍ਰਿਸਨਾ ਭੁਖੜੀ ਹਉ ਰਜਾ ਤ੍ਰਿਪਤਿ ਅਘਾਇ ਜੀਉ ॥
ਜੋ ਗੁਰ ਦੀਸੈ ਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥੩॥ (ਪੰਨਾ ੭੬੩)

ਅਤੇ, ਇਹੋ ਆਪਣੀ ਹਸਤੀ ਦੀ ਹੋਂਦ ਮਿਟਾਉਣ ਦੀ ਸੋਹਾਗਣਾਂ ਵਾਲੀ ਪਰੰਪਰਾ ਸਮੁੱਚੀ ਬਾਣੀ ਵਿਚ ਹੈ— ਪਰ ਸਿੱਖ ਕੌਮ ਨੇ ਜਦੋਂ ਤੋਂ ਆਪਣੀ ਮਾਸੂਮ ਅਤੇ ਭੋਲੀ ਭਾਲੀ ਰਹਿਣੀ "ਇਹ ਚਾਲ ਨਿਰਾਲੀ ਗੁਰਮੁਖੀ,

ਗੁਰ ਦੀਖਿਆ ਸੁਣਿ ਮਨੁ ਭਿੰਨੇ।''* ਨੂੰ ਪਰੇ ਸੁਿਟ ਕੇ ਉਸ ਤੋਂ ਮੂੰਹ ਮੋੜ ਲਿਆ ਹੈ ਅਤੇ ਪ੍ਰੇਮਾ ਭਗਤੀ ਮਾਰਗ ਤੋਂ ਥਿੜਕ ਕੇ ਸਹਸ-ਸਿਆਣਪੀ ਗਿਆਨ ਮਾਰਗ ਜਾਂ ਪਦਾਰਥਵਾਦੀ ਮਾਰਗ ਵਲ ਕਦਮ ਪੁਟਿਆ ਹੈ ਉਦੋਂ ਤੋਂ ਹੁਣ ਤਕ ਕੌਮ ਐਸੀ ਥਿੜਕੀ ਹੈ ਕਿ ਹੁਣ ਤਕ ਰਾਸ ਨਹੀਂ ਆਈ।

ਪਹਿਲਾਂ ਸਿੱਖ ਬਾਣੀ ਪੜ੍ਹਦਾ ਸੀ, ਬਾਣੀ ਵਿਚੋਂ ਉਸਨੂੰ ਦੋ ਚੀਜ਼ਾਂ ਮਿਲਦੀਆਂ ਸਨ–

੧. ਅੰਮ੍ਰਿਤ ਬਾਣੀ ਦਾ ਵਿਸਮਾਦੀ ਰਸ, ਜੋ ਉਸ ਨੂੰ ਸਦਾ ਸਾਈਓਂ ਨਾਲ ਜੋੜੀ ਰਖਦਾ ਸੀ। ਤੇ ਉਹ ਸਦਾ ਚੜ੍ਹਦੀ ਕਲਾ ਵਿਚ ਰਹਿੰਦਾ ਸੀ–

''ਅਠੇ ਪਹਰ ਇਕਤੈ ਲਿਵੈ, ਮੰਨਨਿ ਹੁਕਮੁ ਅਪਾਰੁ ॥੨॥੬॥ (ਮ: ੫, ਪੰਨਾ ੯੫੯)

੨. ਉਦੋਂ ਗੁਰਬਾਣੀ ਉਸਨੂੰ ਜੀਵਨ-ਸੇਧਾਂ ਬਖਸ਼ਦੀ ਸੀ। ਬਾਣੀ ਤਾਂ ਹੁਣ ਭੀ ਅੰਮਿਤ ਰਸ ਅਤੇ ਜੀਵਨ-ਸੇਧਾਂ ਬਖਸ਼ਦੀ ਹੈ, ਪਰ ਸਿਖ ਨੂੰ ਇਹ ਰੱਬੀ ਦਾਤਾਂ ਪ੍ਰਾਪਤ ਕਰਨ ਦੀ ਜਾਚ ਹੀ ਜਿਵੇਂ ਭੁਲ ਗਈ ਹੋਵੇ–

ਖਾਣਾ ਪੀਣਾ ਹਸਣਾ ਸਉਣਾ, ਵਿਸਰਿ ਗਇਆ ਹੈ ਮਰਣਾ ॥
ਖਸਮੁ ਵਿਸਾਰਿ ਖੁਆਰੀ ਕੀਨੀ, ਧ੍ਰਿਗੁ ਜੀਵਣ ਨਹੀ ਰਹਣਾ ॥੧॥ (ਮਲਾਰ ਮ: ੧–੧੨੫੪)

ਰਵਾਇਤ ਹੈ ਜਦੋਂ ਭਾਦਰੋਂ ਸੁਦੀ ੧ ਸੰਮਤ ੧੬੬੧ (੧੬੦੪ ਈਸਵੀ) ਨੂੰ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੀ ਬੀੜ (ਪੋਥੀ ਸਾਹਿਬ) ਦਾ ਸ੍ਰੀ ਹਰਿਮੰਦਰ ਸਾਹਿਬ ਵਿਚ ਪਹਿਲੀ ਵਾਰ ਪ੍ਰਕਾਸ਼ ਹੋਇਆ ਤਾਂ ਥੋੜੇ ਚਿਰ ਬਾਅਦ ਕੁਝ ਸਿੱਖਾਂ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਬੇਨਤੀ ਕੀਤੀ ਕਿ ਬਾਣੀ ਦੀ ਰਚਨਾ ਛੰਦ-ਬੰਦਾ ਵਿਚ ਹੋਣ ਕਰਕੇ ਕਈਆਂ ਨੂੰ ਸਮਝ ਨਹੀਂ ਆਉਂਦੀ, ਕਿਰਪਾ ਕਰਕੇ ਇਸਦਾ ਟੀਕਾ ਭੀ ਤਿਆਰ ਕਰ ਦਿਓ। ਕਹਿੰਦੇ ਹਨ ਸਤਿਗੁਰੂ ਜੀ ਨੇ ਸਪੱਸ਼ਟ ਕਹਿ ਦਿੱਤਾ ਕਿ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦਾ ਟੀਕਾ ਕਰਨ ਦੀ ਲੋੜ ਨਹੀਂ। ਜੋ ਸਿੱਖ ਪ੍ਰੇਮ ਨਾਲ ਬਾਣੀ ਦਾ ਪਾਠ ਕਰਨਗੇ ਉਹਨਾਂ ਨੂੰ ਆਪਣੇ ਆਪ ਅੰਦਰੋਂ ਪ੍ਰਕਾਸ਼ ਹੋਵੇਗਾ, ਟੀਕਾ ਉਸ ਦੀ ਰਸਨਾ ਤੋਂ ਆਪੇ ਹੋ ਜਾਵੇਗਾ।

ਭਾਈ ਗੁਰਦਾਸ ਜੀ ਦੀ ਬ ਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਰਹੱਸਮਈ ਅਰਥ ਸਮਝਣ ਲਈ ਕੁੰਜੀ ਦਾ ਵਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਸੇ ਖਾਸ ਰਮਜ਼ ਕਰਕੇ ਦਿਤਾ ਸੀ। ਉਹੀ ਬਾਣੀ ਦਾ ਆਦਰਸ਼ਕ ਟੀਕਾਕਾਰ ਸੀ ਅਤੇ ਵਿਆਖਿਆਕਾਰ ਭੀ ਸੀ।

ਕੌਮਾਂ ਦੇ ਵਿਕ ਸ ਵਿਚ ਇਹੋ ਜਿਹੇ ਪੜਾਅ ਦਾ ਆਉਣਾ ਇਕ ਸੁਭਾਵਕ ਗੱਲ ਹੈ। ਸਤਿਗੁਰਾਂ ਨੇ ਬਾਣੀ ਦਾ ਐਡਾ ਵੱਡਾ ਖ਼ਜ਼ਾਨਾ ਸਾਡੇ ਲਈ ਤਿਆਰ ਕੀਤੈ। ਕੁਝ ਸਿੱਖਾਂ ਦੇ ਮਨ ਵਿਚ ਚਾਉ ਪੈਦਾ ਹੋਇਆ ਕਿ ਇਸ ਬਾਣੀ ਦੇ ਅਰਥ ਕਰ ਕੇ ਸਮਝੇ ਸਮਝਾਏ ਜਾਣ। ਪਹਿਲਾ ਜਤਨ ਭਾਈ ਗੁਰਦਾਸ ਜੀ ਨੇ ਕੀਤਾ। ਇਕ ਦੋ ਟੂਕਾਂ ਪੇਸ਼ ਹਨ :–(ਇੰਜ ਉਹਨਾਂ ਨੇ ਸਤਿਗੁਰਾਂ ਦੀ ਆਗਿਆ ਲੈ ਕੇ ਕੀਤਾ)

| ਗੁਰਬਾਣੀ | ਵਿਆਖਿਆ |
|---|---|
| ਕਲਿ ਹੋਈ ਕੁਤੇ ਮੁਹੀ ਖਾਜੁ ਹੋਆ ਮੁਰਦਾਰੁ ॥<br>ਕੂੜੁ ਬੋਲਿ ਬੋਲਿ ਭਉਕਣਾ, ਚੂਕਾ ਧਰਮੁ ਬੀਚਾਰੁ ॥੧॥੧੪॥<br>(ਵਾਰ ਸਾਰੰਗ, ਸਲੋਕ ਮ: ੧, ਪੰ: ੧੨੪੨) | ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰੁ ਗੁਸਾਈ ॥ ਰਾਜੇ ਪਾਪ ਕਮਾਵਦੇ, ਉਲਟੀ ਵਾੜ ਖੇਤ ਕਉ ਖਾਈ ॥ ਪਰਜਾ ਅੰਧੀ ਗਿਆਨ ਬਿਨੁ, ਕੂੜੁ ਕੁਸਤੁ ਮੁਖਹੁ ਆਲਾਈ ॥ (ਵਾਰ ੧.੩੦) |
| ਰੰਨਾ ਹੋਈਆ ਬੋਧੀਆ, ਪੁਰਸ ਹੋਏ ਸਈਆਦ ॥<br>ਸੀਲੁ ਸੰਜਮੁ ਸੁਚ ਭੰਨੀ, ਖਾਣਾ ਖਾਜੁ ਅਹਾਜੁ ॥੨॥੧੪॥<br>(ਵਾਰ ਸਾਰੰਗ, ਮ: ੧, ੧੨੪੨-੪੩) | ਇਸਤ੍ਰੀ ਪੁਰਖੈ ਦਾਮ ਹਿਤੁ ਭਾਵੈ ਆਏ ਕਿਥਾਊ ਜਾਈ ॥ ਵਰਤਿਆ ਪਾਪ ਸਭਸੁ ਜਗ ਮਾਹੀ ॥<br>(ਵਾਰ ੧/੩੦) |

*ਗਉੜੀ ਕੀ ਵਾਰ ਮ: ੪, ਪਉੜੀ ੨੫, ਪੰਨਾ ੩੧੪


www.AKJ.Org

ਭਾਈ ਗੁਰਦਾਸ ਜੀ ਦਾ ਕਾਲ ੧੫੫੯-੧੬੩੭ ਈਸਵੀ ਹੈ। ਇਸ ਕਾਲ ਨੂੰ ਸਿੱਖ ਕੌਮ ਦਾ ਸੁਨਹਿਰੀ ਕਾਲ ਆਖਿਆ ਜਾ ਸਕਦਾ ਹੈ। ਭਾਈ ਗੁਰਦਾਸ ਜੀ ਨੇ ਚਾਰ ਗੁਰੂ ਸਾਹਿਬਾਨ (ਸ੍ਰੀ ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਗੁਰੂ ਹਰਿਗੋਬਿੰਦ ਸਾਹਿਬ) ਦੀ ਹਜ਼ੂਰੀ ਦਾ ਰੰਗ ਮਾਣਿਆ। ਸਿੱਖ ਪਰੰਪਰਾ ਅਤੇ ਗੁਰੂ ਘਰ ਦੀ ਮਰਯਾਦਾ ਦਾ ਜੋ ਗਿਆਨ ਆਪ ਜੀ ਨੂੰ ਸੀ, ਉਸ ਦਾ ਉਲੇਖ ਉਹਨਾਂ ਦੀਆਂ ਵਾਰਾਂ ਤੋਂ ਮਿਲਦਾ ਹੈ। ਉਹਨਾਂ ਨੇ ਬਾਣੀ ਦੇ ਪਰਯਾਯ-ਵਾਚੀ ਅਰਥ ਕੀਤੇ। ਪੌਰਾਣਿਕ ਸੰਕੇਤਾਂ (ਜੋ ਬਾਣੀ ਵਿਚ ਵਰਤੇ ਗਏ ਹਨ) ਦੀ ਵਿਆਖਿਆ ਭੀ ਕੀਤੀ ਹੈ ਪਰ ਇਸਦੇ ਨਾਲ ਹੀ ਗੁਰਮਤਿ ਦੇ ਬੁਨਿਆਦੀ ਸਿਧਾਂਤਾਂ ਨੂੰ ਬੜੀ ਦ੍ਰਿੜ੍ਹਤਾ ਨਾਲ ਪੇਸ਼ ਕੀਤੇ ਅਤੇ ਗੁਰਮਤਿ ਗਾਡੀ ਰਾਹ ਤੇ ਚਲਣ ਦੀਆਂ ਸੇਧਾਂ ਭੀ ਦਿੱਤੀਆਂ ਹਨ। ਕੁਝ ਤੁਕਾਂ ਹੇਠਾਂ ਦਰਜ ਹਨ :—

(ੳ) ਕਲਿਜੁਗ ਕੀ ਸੁਣ ਸਾਧਨਾ, ਕਰਮ ਕਿਰਤ ਕੀ ਚਲੈ ਨ ਕਾਈ ॥
ਬਿਨਾ ਭਜਨ ਭਵਗਾਨ ਕੇ, ਭਾਉ ਭਗਤਿ ਬਿਨੁ ਠੌਰ ਨ ਥਾਈ ॥...
ਕਲਿਜੁਗਿ ਨਾਵੈ ਕੀ ਵਡਿਆਈ ॥ (ਵਾਰ ੧/੧੬)

(ਅ) ਮੁਰਦਾ ਹੋਇ ਮੁਰੀਦ, ਨ ਗਲੀਂ ਹੋਵਣਾ ॥
ਸਾਬਰ, ਸਿਦਕਿ ਸਹੀਦੁ ਭਰਮ ਭਉ ਖੋਵਣਾ ॥
ਗੋਲਾ ਮੁਲ ਖਰੀਦੁ ਕਾਰੇ ਜੋਵਣਾ ॥ (ਵਾਰ ੩/੧੮)

(ੲ) ਹੋਇ ਨਿਮਾਣਾ ਭਗਤਿ ਕਰਿ, ਗੁਰਮੁਖਿ ਧ੍ਰੂ ਹਰਿ ਦਰਸਨੁ ਪਾਇਆ ॥ (ਵਾਰ ੪/੨੧)

(ਸ) ਅੰਮ੍ਰਿਤ ਵੇਲੇ ਉਠਿ ਕੈ ਜਾਇ ਅੰਦਰਿ ਦਰੀਆਇ ਨ੍ਹਵੰਦੇ ॥
ਸਹਜਿ ਸਮਾਧਿ ਅਗਾਧਿ ਵਿਚਿ, ਇਕ ਮਨ ਗੁਰ ਜਾਪੁ ਜਪੰਦੇ ॥ (ਵਾਰ ੬/੩)

(ਹ) ਸਤਿਗੁਰ ਸਚਾ ਪਾਤਸਾਹੁ ਸਾਧ ਸੰਗਤਿ ਸਚਖੰਡ ਵਸਾਇਆ ॥...
ਸਚਹੁੰ ਓਰੈ ਸਭ ਕਿਹੁ ਸਚੁ ਨਾਉ ਗੁਰ ਮੰਤ੍ਰ ਦਿੜਾਇਆ ॥
ਹੁਕਮੈ ਅੰਦਰਿ ਸਭ ਕੋ, ਮੰਨੈ ਹੁਕਮੁ ਸੋ ਸਚਿ ਸਮਾਇਆ ॥
ਸਬਦ ਸੁਰਤਿ ਲਿਵ ਅਲਖੁ ਲਖਾਇਆ ॥ (ਵਾਰ ੭/੧)

ਇਹ ਵੰਨਗੀ ਮਾਤਰ ਭਾਈ ਗੁਰਦਾਸ ਜੀ ਦੀ ਵਿਆਖਿਆ-ਪ੍ਰਣਾਲੀ ਹੈ, ਜਿਸ ਵਿਚ ਗੁਰਮਤੀ ਕਦਰਾਂ ਅਤੇ ਸੇਧਾਂ ਮਿਲਦੀਆਂ ਹਨ।

ਮੇਰਾ ਵਿਸ਼ਵਾਸ ਹੈ ਕਿ ਸਿੱਖ ਸੰਗਤਾਂ ਦੀ ਭਾਈ ਗੁਰਦਾਸ ਜੀ ਦੀ ਇਸ ਵਿਆਖਿਆ-ਪ੍ਰਣਾਲੀ ਨਾਲ ਕਾਫ਼ੀ ਸੰਤੁਸ਼ਟੀ ਹੁੰਦੀ ਹੈ। ਸ਼ਬਦ ਅਤੇ ਸੁਰਤਿ ਦੇ ਮੇਲ ਉਤੇ ਭਾਈ ਸਾਹਿਬ ਜੀ ਨੇ ਕਾਫ਼ੀ ਜ਼ੋਰ ਦਿੱਤੇ। ਸਾਧ ਸੰਗਤ ਨੂੰ ਸਚਖੰਡ ਦਾ ਦਰਜਾ ਭੀ ਦਿਤਾ ਹੈ ਤੇ ਕਿਹਾ ਹੈ—

"ਗੁਰਮੁਖਿ ਹੋਵੈ ਸਾਧ ਸੰਗੁ, ਹੋਰਤੁ ਸੰਗ ਕੁਸੰਗ ਨ ਰਚੈ।" (ਵਾਰ ੫/੧)

---

# ਪਾਠਕ ਨੋਟ ਕਰਨ

੧: ਪਰਚਾ ੧੫ ਤਰੀਕ ਤਕ ਨਾ ਮਿਲੇ ਤਾਂ ਗੁੰਮ ਸਮਝੋ ਅਤੇ ਹੋਰ ਭੇਜਣ ਲਈ ਕਾਰਡ ਪਾਓ।

੨. ਤੁਹਾਡਾ ਚਿੱਟ ਨੰਬਰ ਹਰ ਮਹੀਨੇ ਐਡਰੈਸ ਤੋਂ ਪਹਿਲਾਂ ਲਿਖ ਭੇਜਦੇ ਹਾਂ। ਚਿੱਟ ਨੰਬਰ ਨੋਟ ਕਰੋ। ਚੰਦਾ ਜਮ੍ਹਾ ਕਰਾਉਣ ਲਈ ਚਿੱਟ ਨੰਬਰ ਜ਼ਰੂਰ ਦਸੋ, ਨਹੀਂ ਤਾਂ ਚੰਦਾ ਗ਼ਲਤ ਖਾਤੇ ਵਿਚ ਜਮ੍ਹਾ ਹੋ ਸਕਦਾ ਹੈ।

੩, ਛਪਣ ਵਾਲੇ ਪ੍ਰੋਗਰਾਮ ਹਰ ਮਹੀਨੇ ੨੦ ਤਰੀਕ ਤਕ ਪੁਜਣੇ ਜ਼ਰੂਰੀ ਹਨ।


www.AKJ.Org

# ਭੂਰਿਆਂ ਵਾਲੇ ਰਾਜੇ ਕੀਤੇ (੩੫)
# ਮੁਗਲਾਂ ਜ਼ਹਿਰ ਪਿਆਲੇ ਪੀਤੇ

[ਕੈਪਟਨ ਸਵਰਨ ਸਿੰਘ ਜੀ]

**ਜ਼ਕਰੀਆ ਖਾਨ ਵਲੋਂ ਹੋਰ ਸਖ਼ਤਾਈ–**

ਖਾਨ ਬਹਾਦਰ ਦਾ ਸਿੰਘਾਂ ਉਤੇ ਜ਼ੁਲਮ ਤਾਂ ਪਹਿਲਾਂ ਹੀ ਹੱਦ ਬੰਨੇ ਟੱਪ ਚੁਕਾ ਸੀ। ਹੁਣ ਜਦ ਭਾਈ ਸਾਹਿਬ ਦੀ ਸ਼ਹੀਦੀ ਨੇ ਸਿੰਘਾਂ ਵਿਚ ਰੋਹ ਜਗਾ ਦਿੱਤਾ ਤੇ ਮੁਗਲ ਸਰਕਾਰ ਦੇ ਕਾਜ਼ੀ, ਮੁਫਤੀ ਤੇ ਸਮੁੰਦ ਖਾਂ ਵਰਗੇ ਗਸ਼ਤੀ ਫ਼ੌਜ ਦੇ ਅਫਸਰ ਮਾਰੇ ਗਏ ਤਾਂ ਲਾਹੌਰ ਦੇ ਗਵਰਨਰ ਦੇ ਕਰੋਧ ਦਾ ਲਾਵਾ ਫਟ ਕੇ ਵਗ ਤੁਰਿਆ। ਉਸ ਨੇ ਧਾਰ ਲਈ ਕਿ ਪੰਜਾਬ ਵਿਚ ਨਾਮ ਮਾਤਰ ਵੀ ਸਿੰਘ ਨਹੀਂ ਰਹਿਣ ਦੇਣਾ। ਸੋ ਇਹ ਸਾਲ ਸਿੰਘਾਂ ਦੀ ਕਤਲਾਮ ਦਾ ਸੀ। ਭਾਈ ਮਨੀ ਸਿੰਘ ਦੇ ਨਾਲ ਫੜੇ ਗਏ ਸਿਖ ਸੰਤ ਚਰਖੜੀ ਤੇ ਚੜ੍ਹਾ ਕੇ ਮਾਰੇ ਗਏ।[1] ਫ਼ੌਜ ਪਿੰਡਾਂ ਵਿਚ ਫਿਰ ਨਿਕਲੀ। ਜੋ ਅਮਨ ਅਮਾਨ ਨਾਲ ਘਰੀਂ ਬੈਠੇ ਤੇ ਵਾਹੀ ਦੀ ਕਿਰਤ ਕਰਦੇ ਸਨ, ਫੜ ਫੜ ਕੇ ਲਾਹੌਰ ਲਿਆਂਦੇ ਗਏ। ਇਹੋ ਦੋਸ਼ ਕਿ ਤੁਸੀਂ ਸਿਖ ਹੋ। ਜਦ ਇਸਲਾਮ ਧਾਰਨ ਕਰ ਕੇ ਜਾਨ ਬਚਾਅ ਲੈਣ ਦਾ ਲਾਲਚ ਉਨ੍ਹਾਂ ਠੁਕਰਾ ਦਿਤਾ ਤਾਂ ਅਕਹਿ ਤੇ ਅਸਹਿ ਤਸੀਹੇ ਦੇ ਦੇ ਕੇ ਕਤਲ ਕੀਤੇ ਗਏ।[2] ਨਖਾਸ ਵਾਲੀ ਥਾਂ ਖ਼ੂਨੀ ਮੰਡੀ ਬਣ ਗਈ। ਲਾਹੌਰੀ ਲੋਕ ਸਿੰਘਾਂ ਦੀ ਕਤਲਾਮ ਦਾ ਤਮਾਸ਼ਾ ਵੇਖਦੇ ਤੇ ਮੂੰਹ ਵਿਚ ਉਂਗਲਾਂ ਪਾਉਂਦੇ ਕਿ ਇਹ ਲੋਕ ਕਿਸ ਮਿੱਟੀ ਦੇ ਬਣੇ ਹਨ। ਨਾ ਇਨ੍ਹਾਂ ਨੂੰ ਮੌਤ ਦਾ ਡਰ ਭੈ ਹੈ, ਨਾ ਲਾਲਚ ਹੀ ਪੋਂਹਦਾ ਹੈ। ਕਿਸੇ ਨੇ ਵੀ ਧਰਮ ਤਿਆਗ, ਜਿੰਦ ਬਚਾਉਣ ਦੀ ਨਹੀਂ ਸੋਚੀ। ਇਹ ਸ਼ਹੀਦੀਆਂ ਅਲੌਕਿਕ ਕਾਰਨਾਮੇ ਹੋ ਨਿਬੜੀਆਂ। ਦੂਰ ਨੇੜੇ ਜਿਥੇ ਜਿਥੇ ਇਹ ਖ਼ਬਰਾਂ ਪਹੁੰਚੀਆਂ, ਸਿੰਘ ਸੁਣ ਕੇ ਪੂਰੀ ਤਰ੍ਹਾਂ ਭੜਕ ਉਠੇ।

**ਕਈ ਹਿੰਦੂ ਸਿੰਘ ਸਜੇ–**

ਭਾਈ ਮਨੀ ਸਿੰਘ ਦੀ ਸ਼ਹਾਦਤ ਤੋਂ ਪਹਿਲਾਂ ਬਸੰਤ ਪੰਚਮੀ ਸੰਮਤ ੧੭੯੧ (ਮੁਤਾਬਕ ੧੭੩੫ ਈ:) ਨੂੰ ਬਾਲਕ ਹਕੀਕਤ ਰਾਇ ਨੂੰ ਲਾਹੌਰ ਵਿਖੇ ਸ਼ਹੀਦ ਕਰ ਦਿਤਾ ਗਿਆ ਸੀ।[3] ਇਸ ਨਾਲ ਹਿੰਦੂਆਂ ਵਿਚ ਵੀ ਰੋਹ ਜਾਗ ਪਿਆ। ਕਈ ਦਲੇਰ ਤੇ ਅਣਖੀ ਹਿੰਦੂ ਗਭਰੂਆਂ ਦੇ ਸੀਨਿਆਂ ਵਿਚ ਇਸ ਜ਼ੁਲਮ ਦੇ ਖਿਲਾਫ਼ ਬਦਲੇ ਦਾ ਜੋਸ਼ ਠਾਠਾਂ ਮਾਰਨ ਲੱਗਾ। ਉਹ ਸਿਰਾਂ ਤੇ ਖਫਣ ਬੰਨ੍ਹ ਕੇ ਘਰਾਂ ਤੋਂ ਨਿਕਲ ਤੁਰੇ ਤੇ ਸਿਧੇ ਸਿੰਘਾਂ ਦੇ ਜਥਿਆਂ ਵਿਚ ਜਾ ਰਲੇ ਤੇ ਅੰਮ੍ਰਿਤ ਪਾਨ ਕਰ ਕੇ ਸਿੰਘ ਸੱਜ ਗਏ ਤੇ ਲੱਗੇ ਜ਼ਾਲਮਾਂ ਤੋਂ ਗਿਣ ਗਿਣ ਬਦਲੇ ਲੈਣ।

**ਪੰਜਾਬ ਵਿਚ ਬੜਾ ਵੱਡਾ ਰਾਮ ਰੌਲਾ–**

ਪਹਿਲਾਂ ਦਸਿਆ ਜਾ ਚੁਕਾ ਹੈ ਕਿ ਭਾਈ ਮਨੀ ਸਿੰਘ ਦੀ ਸ਼ਹੀਦੀ ਨੇ ਸਿੰਘਾਂ ਨੂੰ ਪੂਰੀ ਤਰ੍ਹਾਂ ਭੜਕਾ ਦਿਤਾ ਸੀ। ਉਨ੍ਹਾਂ ਪੰਜਾਬ ਦੇ ਅਮਨ ਨੂੰ ਤਹਿਸ ਨਹਿਸ ਕਰ ਛਡਿਆ। ਸਰਕਾਰੀ ਪ੍ਰਬੰਧ ਦੀਆਂ ਧੱਜੀਆਂ ਉਡਾ ਦਿਤੀਆਂ। ਐਸੀ ਲੁਟ-ਮਾਰ ਆਰੰਭ ਕੀਤੀ ਕਿ ਚਾਰ-ਚੁਫ਼ੇਰੇ 'ਬਾਬਲਾ ! ਬਾਬਲਾ !' ਪਈ ਹੋਵੇ। ਕਈ ਪਿੰਡਾਂ ਦੇ ਚੌਧਰੀ ਮਾਰ ਮੁਕਾਏ। ਕਈਆਂ ਦੇ ਪਿੰਡ ਲੁਟ ਪੁਟ ਕੇ ਕੰਗਣਖਾਰ ਕਰ ਦਿਤੇ।

**ਜ਼ਕਰੀਆ ਖਾਨ ਨੂੰ ਮਾਰਨ ਦੀ ਵਿਉਂਤ–**

ਭਾਈ ਮਨੀ ਸਿੰਘ ਦੇ ਕਾਤਲ ਮੁਫਤੀ ਤੇ ਕਾਜ਼ੀ ਨੂੰ ਮਾਰ ਕੇ ਸਿੰਘਾਂ ਦਾ ਗੁੱਸਾ ਠੰਡਾ ਨਹੀਂ ਸੀ ਹੋਇਆ। ਉਹ ਨਵਾਬ ਖਾਨ ਬਹਾਦਰ ਦੀ ਵੀ ਨਾਲ ਹੀ ਅਲਖ ਮੁਕਾਉਣਾ ਚਾਹੁੰਦੇ ਸਨ। ਸਿੱਖਾਂ ਦੇ ਘਾਣ ਲਾਹੁਣ ਵਾਲਾ ਵੱਡਾ ਦੋਸ਼ੀ ਇਹੋ ਸੀ। ਇਸ ਨੂੰ ਜਿੱਥੇ ਤੇ ਜਿਵੇਂ ਹੋ ਸਕੇ, ਮਾਰਨ ਦੀਆਂ ਵਿਉਂਤਾਂ ਬਣਾਉਣ ਵਿਚ ਖੁਭੇ ਹੋਏ ਸਨ। ਪਰ ਔਖੀ ਗੱਲ ਇਹ ਸੀ ਕਿ ਖ਼ਾਨ ਬਹਾਦਰ ਕਿਲ੍ਹਿਉਂ ਬਾਹਰ ਹੀ ਨਹੀਂ ਸੀ ਨਿਕਲਦਾ। ਸ਼ਿਕਾਰ ਲਈ ਵੀ ਨਹੀਂ ਸੀ ਬਾਹਰ ਆਉਂਦਾ। ਸਿਰਫ਼ ਏਨਾ ਸੀ ਕਿ ਜੁੰਮੇ ਦੀ ਨਮਾਜ਼ ਲਈ, ਹਫਤੇ ਵਿਚ ਇਕ ਵਾਰ, ਸ਼ਾਹੀ

ਮਸੀਤ ਵਿਚ ਆਉਂਦਾ ਸੀ ਤੇ ਇਹ ਐਨ ਕਿਲ੍ਹੇ ਦੇ ਸਾਹਮਣੇ ਸੀ। ਸੋ ਉਹ ਮਸੀਤ ਵਿਚ ਹੀ ਅੜਿੱਕੇ ਆ ਸਕਦਾ ਸੀ। ਸ: ਕਪੂਰ ਸਿੰਘ ਦੋ ਨਾਲ ਦੋ ਹਜ਼ਾਰ ਸਿੰਘ ਤੁਰਕੀ ਲਿਬਾਸ ਪਹਿਨ ਤੇ ਹਰਾ ਝੰਡਾ ਲੈ ਕੇ ਜੁੰਮੇ ਵਾਲੇ ਦਿਨ ਟਕਸਾਲੀ ਦਰਵਾਜ਼ਿਓਂ ਸ਼ਹਿਰ ਅੰਦਰ ਆ ਵੜੇ। ਉਨ੍ਹਾਂ ਦੀ ਵਿਉਂਤ ਇਹ ਸੀ ਕਿ ਜਦ ਖ਼ਾਨ ਬਹਾਦਰ ਜੁੰਮੇ (ਸ਼ੁਕ੍ਰਵਾਰ ਦਾ ਦਿਨ, ਜੋ ਪਵਿੱਤਰ ਮੰਨਿਆ ਜਾਂਦਾ ਹੈ, ਦੀ ਨਮਾਜ਼ ਪੜ੍ਹਨ ਸ਼ਾਹੀ ਮਸੀਤ ਵਿਚ ਆਵੇ ਤਾਂ ਇੱਕੋ ਵਾਰ ਤਟ ਫਟ ਹੱਲਾ ਕਰਕੇ ਥਾਂ ਤੇ ਹੀ ਕਤਲ ਕਰ ਦਿਤਾ ਜਾਵੇ। ਪਰ ਉਸ ਦਿਨ ਖ਼ਾਨ ਬਹਾਦਰ ਨਮਾਜ਼ ਪੜ੍ਹਨ ਲਈ ਕਿਲ੍ਹਿਓਂ ਬਾਹਰ ਹੀ ਨਾ ਆਇਆ। ਸੋ ਸਿੰਘਾਂ ਦੇ ਮਨ ਦੀ ਪੂਰੀ ਨਾ ਹੋਈ। ਪਰ ਉਹ ਵੀ ਖ਼ਾਲੀ ਹੱਥ ਮੁੜਨ ਵਾਲੇ ਨਹੀਂ ਸਨ। ਆਖ਼ਰ ਸ਼ਹਿਰ ਦਾ ਟਕਸਾਲੀ ਤੇ ਮੋਚੀ ਦਰਵਾਜ਼ੇ ਦਾ ਅੰਦਰਲਾ ਹਿੱਸਾ ਲੁਟ ਕੇ ਬਾਹਰ ਨਿਕਲ ਗਏ।

ਸਿੰਘਾਂ ਦੀ ਇਸ ਦੀਦਾ-ਦਲੇਰੀ ਵਾਲੇ ਕਾਰਨਾਮੇ ਨੇ ਸੂਬੇਦਾਰ ਦੀਆ ਅੱਖਾਂ ਖੋਲ੍ਹ ਦਿਤੀਆਂ। ਜੇ ਨਮਾਜ਼ ਲਈ ਕਿਲ੍ਹਿਓਂ ਬਾਹਰ ਆਉਂਦਾ ਤਾਂ ਉਸ ਨੇ ਲਾਜ਼ਮੀ ਮਾਰੇ ਜਾਣਾ ਸੀ। ਉਸ ਦੀ ਵਧੀ ਸੀ, ਜੋ ਸਿੰਘਾਂ ਦੀਆਂ ਤੇਗ਼ਾਂ ਹੇਠ ਨਹੀਂ ਆਇਆ। ਜ਼ਿੰਦਗੀ ਤਾਂ ਬਚ ਗਈ ਪਰ ਗੁੱਸੇ ਨਾਲ ਲੋਹਾ ਲਾਖਾ ਹੋ ਗਿਆ। ਉਸ ਦੀ ਹਿਫ਼ਾਜ਼ਤ ਦਾ ਇਹ ਹਾਲ! ਗਸ਼ਤੀ ਫੌਜ ਦਿਆਂ ਅਫ਼ਸਰਾਂ, ਮੁਖ਼ਬਰਾਂ ਤੇ ਇਲਾਕੇ ਦਿਆਂ ਚੋਧਰੀਆਂ ਨੂੰ ਸੱਦ ਕੇ ਕਰੜੇ ਹੱਥੀਂ ਲਿਆ। ਖ਼ੂਬ ਧਮਕਾਇਆ ਕਿ ਜਿਸ ਦੇ ਇਲਾਕੇ ਵਿਚ ਕੋਈ ਸਿੰਘ ਨਜ਼ਰ ਆ ਗਿਆ ਤਾਂ ਉਸ ਨੂੰ ਵੀ ਉਹੋ ਸਜ਼ਾ ਦਿਤੀ ਜਾਵੇਗੀ ਜੋ ਸਿੰਘਾਂ ਨੂੰ ਦਿਤੀ ਜਾਂਦੀ ਹੈ। ਸਿੰਘਾਂ ਉਤੇ ਸਖ਼ਤਾਈ ਤਾਂ ਪਹਿਲਾਂ ਹੀ ਹੱਦੋਂ ਵਧ ਸੀ, ਪਰ ਇਸ ਕਰੜੇ ਹੁਕਮ ਨੇ ਜ਼ਮੀਨ ਆਸਮਾਨ ਤਾਂ ਕੀ, ਪੱਤਾ ਪੱਤਾ ਉਨ੍ਹਾਂ ਦਾ ਵੈਰੀ ਬਣਾ ਦਿਤਾ। ਹਾਲਤ ਇਹ ਬਣੀ ਕਿ ਉਨ੍ਹਾਂ ਲਈ ਲਾਹੌਰ ਸਰਕਾਰ ਦੇ ਇਲਾਕੇ ਵਿਚ ਰਹਿਣਾ ਔਖਾ ਹੋ ਗਿਆ। ਸਭ ਘਰ ਘਾਟ ਛੱਡ ਕੇ ਸਤਲੁਜ ਦਰਿਆ ਟੱਪ ਗਏ। ਕੁਝ ਮਾਲਵੇ ਵਿਚ ਜਾ ਕੇ ਦਿਨ-ਕਟੀ ਕਰਨ ਲਗੇ ਤੇ ਕੁਝ ਜੈ ਪੁਰ, ਜੋਧ ਪੁਰ, ਬੀਕਾਨੇਰ ਆਦਿ ਰਿਆਸਤਾਂ ਵਿਚ ਜਾ ਵੜੇ। ਏਸੇ ਸਮੇਂ ਸ: ਆਲਾ ਸਿੰਘ ਪਟਿਆਲੀਏ ਦੇ ਪੁੱਤਰਾਂ ਨੇ ਸ: ਅਘੜ ਸਿੰਘ ਦੀ ਜਥੇਦਾਰੀ ਵਿਚ ਅੰਮ੍ਰਿਤ ਛਕਿਆ।

ਗਸ਼ਤੀ ਫ਼ੌਜ, ਚੋਧਰੀਆਂ ਤੇ ਮੁਖ਼ਬਰਾਂ ਨੇ ਏਨਾ ਕੱਸ ਪਾਇਆ ਕਿ ਮਾਝੇ ਵਿਚ ਵੇਖਣ ਨੂੰ ਵੀ ਸਿਖ ਨਜ਼ਰ ਨਹੀਂ ਸੀ ਆਉਂਦਾ। ਜੇ ਕੋਈ ਇੱਕਾ ਦੁੱਕਾ ਕਿਧਰੇ ਰਹਿ ਵੀ ਗਿਆ ਸੀ ਤਾਂ ਉਹ ਲੁਕ ਛਿਪ ਕੇ ਹੀ ਦਿਨ ਟਪਾਉਂਦਾ ਸੀ। ਜੇ ਕਿਤੇ ਕਿਸੇ ਦਾ ਸ਼ਾਹੀ ਬੰਦਿਆਂ ਨਾਲ ਟਾਕਰਾ ਹੋ ਜਾਂਦਾ ਤਾਂ ਉਹ ਸੌ ਸੌ ਲਾਲਚਾਂ ਜਾਂ ਡਰਾਵਿਆਂ ਤੋਂ ਭੈਭੀਤ ਹੋ ਕੇ ਹਥਿਆਰ ਨਾ ਸੁਟਦਾ, ਬਾਹੀਂ ਖੜੀਆਂ ਕਰ ਕੇ ਕੈਦੀ ਨਾ ਬਣਦਾ, ਸਗੋਂ ਸਨਮੁਖ ਹੋ ਕੇ ਮੈਦਾਨ ਵਿਚ ਮਰਦਾਂ ਵਾਂਗ ਲੜ ਕੇ ਕਈਆਂ ਨੂੰ ਮਾਰ ਕੇ ਪੁਰਜ਼ਾ ਪੁਰਜ਼ਾ ਹੋ ਜਾਂਦਾ। ਇਹ ਸਿੰਘਾਂ ਦੀ ਰੀਤ ਸੀ ਤੇ ਉਨ੍ਹਾਂ ਦੀ ਅਲੌਕਿਕ ਵਿਲੱਖਣਤਾ।

## ਕੁਤਬੁਦੀਨ ਦਾ ਕਰਤਾਰਪੁਰ ਤੇ ਹਮਲਾ ਤੇ ਗੁ: ਥੰਮ੍ਹ ਸਾਹਿਬ ਸਾੜਨਾ—

ਜਲੰਧਰ ਦਾ ਨਾਜ਼ਮ ਕੁਤਬੁਦੀਨ ਬੜਾ ਜਨੂੰਨੀ ਤੇ ਹੰਕਾਰਿਆ ਹੋਇਆ ਹਾਕਿਮ ਸੀ। ਇਨ੍ਹੀਂ ਦਿਨੀਂ ਸੋਢੀ ਵਡਭਾਗ ਸਿੰਘ ਕਰਤਾਰਪੁਰ ਵਿਖੇ ਗੁਰਦਵਾਰਾ ਥੰਮ੍ਹ ਸਾਹਿਬ ਦੀ ਸੇਵਾ ਸੰਭਾਲ ਪੁਜਾਰੀ ਵਜੋਂ ਕਰਦਾ ਸੀ। ਉਹ ਅੰਮ੍ਰਿਤ ਛਕ ਕੇ ਪੰਥ ਵਿਚ ਰਲ ਚੁਕੇ ਸਨ। ਪਰ ਰਹਿੰਦੇ ਗੁਰਮੁਖੀ ਬਾਣੇ ਵਿਚ ਸਨ। ਰਾਤ ਬਰਾਤੇ ਰਾਠ ਸਿੰਘ ਉਨ੍ਹਾਂ ਪਾਸ ਆ ਕੇ ਠਹਿਰ ਜਾਂਦੇ ਤੇ ਵਿਸ਼ਰਾਮ ਕਰ ਕੇ ਸਵੇਰੇ ਆਪਣੇ ਕਿਸੇ ਸ਼ਿਕਾਰ ਮਗਰ ਲੱਗ ਜਾਂਦੇ। ਕਿਸੇ ਮੁਖ਼ਬਰ ਨੇ ਕੁਤਬੁਦੀਨ ਪਾਸ ਜਾ ਚੁਗਲੀ ਕੀਤੀ ਕਿ ਸੋਢੀ ਵਡਭਾਗ ਸਿੰਘ ਸਿੰਘਾਂ ਨੂੰ ਪਨਾਹ ਦੇਂਦਾ ਹੈ ਤੇ ਇਹ ਬੜਾ ਵੱਡਾ ਅੱਡਾ ਬਣਦਾ ਜਾਂਦਾ ਹੈ। ਹੁਣੇ ਹੀ ਉਸ ਨੂੰ ਕਾਬੂ ਕਰ ਲਿਆ ਜਾਵੇ, ਨਹੀਂ ਤਾਂ ਰਾਜ ਵਿਚ ਬਦ-ਅਮਨੀ ਫੈਲਾਵੇਗਾ। ਕੁਤਬੁਦੀਨ ਆਪਣੀ ਚੋਖੀ ਫੌਜ ਲੈ ਕੇ ਕਰਤਾਰਪੁਰ ਉਤੇ ਆ ਪਿਆ। ਸੋਢੀ ਵਡਭਾਗ ਸਿੰਘ ਮੁਕਾਬਲਾ ਨਾ ਕਰ ਸਕਿਆ ਤੇ ਜਾਨ ਬਚਾ ਕੇ ਪਹਾੜਾਂ ਨੂੰ ਨਿਕਲ ਗਿਆ। ਕੁਤਬੁੱਦੀਨ ਨੇ ਗੁਰਦਵਾਰੇ ਦੇ ਵਿਹੜੇ ਵਿਚ ਗਊ ਹਲਾਲ ਕੀਤੀ। ਫਿਰ ਥੰਮ੍ਹ ਸਾਹਿਬ ਗੁਰਦਵਾਰੇ ਨੂੰ ਵੀ ਸਾੜ ਦਿਤਾ। ਕਰਤਾਰਪੁਰ ਪਿੰਡ ਨੂੰ ਬੁਰੀ ਤਰ੍ਹਾਂ ਲੁਟ ਪੁਟ ਲਿਆ। ਉਥੋਂ ਦੀਆਂ ਕਈ ਨੌਜੁਆਨ ਹਿੰਦੂ ਦੇਵੀਆਂ ਫੜ ਕੇ ਜਲੰਧਰ ਲੈ ਆਇਆ। ਜਦ


www.AKJ.Org

ਇਸ ਹਿਰਦੇ-ਵੇਧਕ ਘਟਨਾ ਦੀ ਖ਼ਬਰ ਸਿੰਘਾਂ ਨੂੰ ਪੁਜੀ ਤਾਂ ਉਹ ਗੁੱਸੇ ਵਿਚ ਭਖ ਕੇ ਤਾਂਬੇ ਵਾਂਗ ਲਾਲ ਹੋ ਗਏ। ਜਥੇਦਾਰ ਬਾਘ ਸਿੰਘ (ਸ: ਜੱਸਾ ਸਿੰਘ ਦਾ ਮਾਮਾ) ਨੇ ਇਕ ਸਿੰਘ ਨੂੰ ਭੇਸ ਬਦਲਾ ਕੇ ਜਲੰਧਰ ਭੇਜਿਆ ਕਿ ਉਹ ਕੁਤਬੁਦੀਨ ਦੇ ਜਲੰਧਰੋਂ ਬਾਹਰ ਆਉਣ ਜਾਣ ਦੀ ਸੂਹ ਰਖੇ ਤੇ ਸਮੇਂ ਸਿਰ ਸਾਨੂੰ ਦੱਸ ਦੇਵੇ। ਕੁਝ ਸਮਾਂ ਪੈਣ ਤੇ ਉਸ ਨੇ ਇਤਲਾਹ ਦਿਤੀ ਕਿ ਕੁਤਬੁਦੀਨ ਦੌਰੇ ਤੇ ਕਾਣੇ ਢਿਲਵਾਂ ਵੱਲ ਆ ਰਿਹਾ ਹੈ। ਬਾਘ ਸਿੰਘ ਵੀ ਸ਼ਿਕਾਰ ਦੀ ਉਡੀਕ ਵਿਚ ਘਾਤ ਲਾ ਕੇ ਬੈਠ ਗਿਆ। ਕੁਤਬੁਦੀਨ ਏਥੇ ਆ ਕੇ ਅਗਲੇ ਦਿਨ ਸ਼ਿਕਾਰ ਖੇਡਣ ਲਈ ਬਿਆਸ ਦਰਿਆ ਦੀ ਝਲ ਵਲ ਗਿਆ। ਏਧਰ ਹੀ ਬਾਘ ਸਿੰਘ ਆਪਣੇ ਸਿੰਘਾਂ ਨਾਲ ਇਸ ਪਾਜੀ ਨੂੰ ਉਡੀਕ ਰਿਹਾ ਸੀ। ਨਾਜ਼ਮ ਬੇਧਿਆਨਾ ਸਿੰਘਾਂ ਦੇ ਵਲਾਵੇਂ ਵਿਚ ਜਾ ਫਸਿਆ। ਜਦ ਵੇਖਿਆ ਕਿ ਕੁਥਾਂ ਫਸ ਗਿਆ ਹੈ ਤਾਂ ਆਪਣੇ ਸੁਆਰਾਂ ਨੂੰ ਛੱਡ ਕੇ ਪਿਛਾਂਹ ਨੂੰ ਭਜਣ ਲੱਗਾ। ਸ: ਬਾਘ ਸਿੰਘ ਨੇ ਲਲਕਾਰਿਆ, "ਕੁਤਬਿਆ! ਜੇ ਪਿਉ ਦਾ ਪੁਤ ਹੈਂ ਤਾਂ ਚਾੜ੍ਹੀ ਭਾਜੀ ਦਾ ਨਿਉਂਦਾ ਲੈ ਕੇ ਜਾਹ! ਗੀਦੀ ਨਹੀਂ, ਮਰਦ ਬਣ। ਜਲੰਧਰ ਐਥੋਂ ਨੇੜੇ ਨਹੀਂ। ਸਾਰਾ ਟਿੱਲ ਲਾ ਲੈ ਆਪਣਾ, ਦਿਲ ਦੀ ਦਿਲ ਵਿਚ ਰਹਿ ਨਾ ਜਾਵੇ, ਅਸਾਂ ਤੈਨੂੰ ਭਜਣ ਨਹੀਂ ਦੇਣਾ।" ਉਸ ਘੋੜਾ ਛੇੜ ਕੇ ਭੱਜ ਨਿਕਲਣ ਦਾ ਯਤਨ ਤਾਂ ਕੀਤਾ, ਪਰ ਬਾਜ ਮੂਹਰੇ ਬਟੇਰੇ ਦੀ ਕੀ ਵੱਟਤ। ਬਾਘ ਸਿੰਘ ਨੇ ਆਪਣਾ ਘੋੜਾ ਛੇੜ ਕੇ ਕੁਤਬੇ ਦੇ ਘੋੜੇ ਦੀ ਖੁਚ ਆਪਣੀ ਤੇਗ ਨਾਲ ਵਢ ਦਿੱਤੀ। ਕੁਤਬੁਦੀਨ ਘੋੜੇ ਸਮੇਤ ਡਿਗ ਪਿਆ। ਸਿੰਘ ਨੇ ਉਠਦੇ ਨੂੰ ਦਬੋਚ ਲਿਆ। ਉਸ ਦੇ ਸਵਾਰਾਂ ਉਸ ਨੂੰ ਛੁਡਾਣਾ ਚਾਹਿਆ, ਪਰ ਸਭ ਥਾਂ ਤੇ ਮਾਰੇ ਗਏ। ਬਾਘ ਸਿੰਘ ਨੇ ਕੁਤਬੁੱਦੀਨ ਨੂੰ ਪੁਛਿਆ, "ਥੰਮ੍ਹ ਸਾਹਿਬ ਨੂੰ ਸਾੜਨ ਦਾ ਚੇਤਾ ਹੈ ਨਾ?" ਨਾਜ਼ਮ ਸਾਹਿਬ ਕੰਨਾਂ ਤੇ ਹੱਥ ਧਰ ਕੇ ਤੋਬਾ ਨਸਤਾਲੀਕ ਪੜ੍ਹਨ। ਗੁਰਦਵਾਰਾ ਸਾਹਿਬ ਦੇ ਵਿਹੜੇ ਵਿਚ ਗਊ ਹਲਾਲ ਤੇ ਗੁਰਦਵਾਰਾ ਸਾਹਿਬ ਨੂੰ ਸਾੜਨ ਵਾਲਾ ਪਾਪੀ ਤੇ ਦੁਸ਼ਟ ਉਨ੍ਹਾਂ ਸਾਵੇਂ ਖੜਾ ਸੀ। ਉਨ੍ਹਾਂ ਦੀਆਂ ਅੱਖਾਂ ਵਿਚ ਲਹੂ ਉੱਤਰ ਰਿਹਾ ਸੀ। ਹਰ ਇਕ ਦੀ ਖਾਹਿਸ਼ ਕਿ ਸਿੰਘ ਸਾਹਿਬ ਮੈਨੂੰ ਹੁਕਮ ਕਰੇ ਤੇ ਮੈਂ ਆਪਣੀ ਤੇਗ ਦੀ ਪਿਆਸ ਇਸ ਦੁਸ਼ਟ ਦੇ ਖੂਨ ਨਾਲ ਬੁਝਾਵਾਂ। ਸ: ਬਾਘ ਸਿੰਘ ਨੇ ਕਿਹਾ ਕਿ ਇਸ ਨੀਚ ਨੂੰ ਕਤਲ ਨਹੀਂ ਕਰਨਾ, ਇਸ ਨੂੰ ਵੀ ਉਂਜ ਹੀ ਅੱਗ ਵਿਚ ਸਾੜਨਾ ਹੈ। ਝਟਪਟ ਜੰਗਲ ਚੋਂ ਲਕੜਾਂ ਇਕੱਠੀਆਂ ਕਰ ਕੇ ਢੇਰ ਲਾਇਆ ਗਿਆ ਤੇ ਕੁਤਬੁੱਦੀਨ ਨਾਜ਼ਮ ਜਲੰਧਰ ਨੂੰ ਉਤੇ ਸੁਟ ਕੇ ਅੱਗ ਲਾ ਜੀਊਂਦੇ ਨੂੰ ਸਾੜ ਕੇ ਸੁਆਹ ਕੀਤਾ। ਫਿਰ ਲਗਦੇ ਹੱਥ ਜਲੰਧਰ ਉਤੇ ਜਾ ਹੱਲਾ ਬੋਲਿਆ ਤੇ ਸ਼ਹਿਰ ਦਾ ਬਹੁਤ ਸਾਰਾ ਹਿੱਸਾ ਲੁਟ ਲਿਆ। ਕਰਤਾਰਪੁਰੋਂ ਫੜੀਆਂ ਆਈਆਂ ਬੀਬੀਆਂ ਸਭ ਦੁਸ਼ਟਾਂ ਦੇ ਪੰਜਿਆਂ ਚੋਂ ਛੁਡਾ ਕੇ ਘਰੋ ਘਰੀ ਪਹੁੰਚਾਈਆਂ। ਜਿਨ੍ਹਾਂ ਏਨ੍ਹਾਂ ਨੂੰ ਰਖਿਆ ਹੋਇਆ ਸੀ, ਸਭ ਤਲਵਾਰ ਦੇ ਘਾਟ ਉਤਾਰੇ। ਲਾਗਲੇ ਪਿੰਡਾਂ ਦੇ ਮਜ਼੍ਹਬੀਆਂ ਨੂੰ ਸਿੰਘਾਂ ਨੇ ਸਦ ਮੰਗਾਇਆ ਤੇ ਕਿਹਾ ਕਿ ਰੱਜ ਕੇ ਸ਼ਹਿਰ ਲੁਟੋ। ਉਨ੍ਹਾਂ ਕਈ ਪੀੜ੍ਹੀਆਂ ਜੋਗਾ ਮਾਲ ਅਸਬਾਬ ਇਕੱਠਾ ਕਰ ਲਿਆ। ਨਾਸਿਰ ਖ਼ਾਨ ਜਲੰਧਰੀਆ, ਜੋ ਬੜਾ ਨੀਚ ਤੇ ਜ਼ਾਲਮ ਹਾਕਿਮ ਸੀ, ਉਸ ਦੀ ਲਾਸ਼ ਕਬਰੋਂ ਕਢਵਾਈ ਤੇ ਸਰੇ-ਬਾਜ਼ਾਰ ਉਸ ਨੂੰ ਫਾਂਸੀ ਤੇ ਟੰਗਿਆ। ਫਿਰ ਸੂਰ ਦੇ ਢਿਡ ਵਿਚ ਲਾਸ਼ ਤੁੰਨ ਕੇ ਉਸਨੂੰ ਸੂਰ ਸਮੇਤ ਬਾਜ਼ਾਰਾਂ ਵਿਚ ਘੋੜਿਆਂ ਪਿਛੇ ਪਾ ਕੇ ਧੂਇਆ ਤੇ ਅੰਤ ਨੂੰ ਅੱਗ ਵਿਚ ਸੁਟ ਕੇ ਫੂਕ ਦਿਤਾ।

ਇਸ ਪਾਸਿਓਂ ਹਟੇ ਹੀ ਸਨ ਕਿ ਸੂਹ ਮਿਲ ਗਈ ਕਿ ਕੁਝ ਸੌਦਾਗਰ ਦਿੱਲੀ ਦੇ ਬਾਦਸ਼ਾਹ ਦੇ ਸ਼ਾਹੀ ਅਸਤਬਲ ਲਈ ਇਰਾਕ ਤੇ ਅਰਬ ਦੇ ਘੋੜੇ ਲੈ ਕੇ ਬਿਆਸ ਉਤੇ ਵਜ਼ੀਰ ਦੇ ਪਤਣੋਂ ਪਾਰ ਉੱਤਰ ਕੇ ਦਿਲੀ ਨੂੰ ਜਾਣ ਵਾਲੇ ਹਨ। ਸਿੰਘਾਂ ਨੇ ਝਲ ਵਿਚ ਹੀ ਜਾ ਘੇਰੇ। ਫਕਾ ਫੱਕ ਤਲਵਾਰ ਚੱਲੀ। ਉਹੋ ਬਚਿਆ ਜੋ ਨੱਸ ਗਿਆ। ਸਭ ਘੋੜੇ, ਸਮੇਤ ਪਲਾਣਾਂ ਤੇ ਜ਼ੀਨਾਂ ਦੇ ਅਤੇ ਹੋਰ ਸਾਮਾਨ ਸਿੰਘਾਂ ਕਾਬੂ ਕਰ ਲਏ। ਜੋ ਕਲ੍ਹ ਜਥੇ ਵਿਚ ਪੈਦਲ ਸਨ, ਅੱਜ ਸੋਹਣੇ ਤੇ ਆਲਾ ਨਸਲ ਦੇ ਘੋੜਿਆਂ ਦੇ ਸ਼ਾਹ-ਸਵਾਰ ਬਣ ਗਏ। ਇਹ ਤਿੰਨੇ ਘਟਨਾਵਾਂ ਏਡੀ ਛੇਤੀ ਛੇਤੀ ਹੋਈਆਂ ਕਿ ਲਾਹੌਰ ਦੀਆਂ ਗਸ਼ਤੀ ਫ਼ੌਜਾਂ ਅਲੋਪ ਹੋ ਗਏ ਸਿੰਘਾਂ ਦੀ ਸੂੰਧਕ ਵੀ ਨਾ ਪਾ ਸਕੀਆਂ।

[ਚਲਦਾ]

## ਹਵਾਲੇ ਤੇ ਫੁਟਨੋਟ

੧. ਸ: ਰਤਨ ਸਿੰਘ ਭੰਗੂ–ਪ੍ਰਾਚੀਨ ਪੰਥ ਪ੍ਰਕਾਸ਼–ਪੁਰਾਣੀ ਛਾਪ–ਸਫ਼ਾ ੨੧੪, ਨਵੀਂ ਛਾਪ ਦਸੰਬਰ ੧੯੬੨–ਸਫਾ ੨੨੮

ਮਨੀ ਸਿੰਘ ਕੇ ਸਾਥ ਜੋ ਫੜੇ ਸਿੰਘ ਥੇ ਔਰ।
ਮਾਰੇ ਚਰਖ ਚੜ੍ਹਾਇ ਕੈ ਚੌਂਕ ਨਖਾਸ ਲਾਹੌਰ।

੨. ਸ: ਰਤਨ ਸਿੰਘ ਭੰਗੂ–ਪ੍ਰਾਚੀਨ ਪੰਥ ਪ੍ਰਕਾਸ਼–ਇਹੀ ਸਫ਼ਾ–

ਸੱਤ੍ਰੇ ਸੈ ਪਚਾਨਵੇ ਖਾਨ ਬਹਾਦਰ ਨਬਾਬ।
ਉਨ ਬਹੁ ਦੁਖ ਸਿੰਘਨ ਦਯੋ ਪਾਪੀ ਬਡੋ ਖਰਾਬ।੧।
ਮਨੀ ਸਿੰਘ ਜਬ ਮਾਰਿਓ ਬੰਦ ਬੰਦ ਤਿਸੈ ਕਟਾਇ।
ਔਰ ਸਿੰਘ ਥੇ ਜੋ ਮਰੇ ਕੋ ਸਭ ਸਕੈ ਗਿਨਨਾਇ।੨।

ਚੌਪਈ–ਕਈ ਚਰਖ ਕਈ ਫਾਂਸੀ ਮਾਰੇ। ਕਈ ਤੋਪਨ ਕਈ ਛੁਰੀ ਕਟਾਰੇ।
ਕਈਅਨ ਕੈ ਸਿਰ ਮੁੰਗਲੀਂ ਕੁੱਟੇ। ਕਈ ਡੋਬੇ ਕਈ ਘਸੀਟ ਸੁ ਸੁੱਟੇ।੩।
ਦੱਬੇ ਟੰਗੇ ਬੰਦੂਖਨ ਦਏ ਮਾਰ। ਕੌਨ ਗਨੈ ਜੇ ਮਾਰੇ ਹਜ਼ਾਰ।
ਪਾਂਤ ਪਾਂਤ ਕਈ ਪਕੜ ਬਹਾਏ। ਸਾਥ ਤੇਗਨ ਕੇ ਸੀਸ ਉਡਵਾਏ।੪।
ਕਿਸੇ ਹੱਥ ਕਿਸੈ ਟੰਗ ਕਟਵਾਇ। ਅਖ ਕੱਢ ਕਿਸੇ ਖਲ ਕਢਵਾਇ।
ਕੇਸਨ ਵਾਲੇ ਜੋ ਨਰ ਹੋਈ। ਬਾਲ ਬਿਰਧ ਲਭ ਛਡੇ ਨ ਕੋਈ।੫।

੩. ਇਸੇ ਗ੍ਰੰਥ ਵਿਚ ਵੀਰ ਹਕੀਕਤ ਰਾਇ ਦੀ ਸ਼ਹਾਦਤ ਬਾਰੇ ਇਸ਼ਾਰਾ ਕਰਦੇ ਹਨ :–

ਸਿੰਘਨ ਕੈ ਉਨ ਅਕਪਕੇ ਬਿਚ ਮਾਰਯੋ ਹਕੀਕਤ ਰਾਇ।
ਜੈਸੇ ਬਨਿਓਂ ਮਾਸ ਹਿਤ ਖਾਵਤ ਰੋੜ ਬਨਾਇ।

ਹਕੀਕਤ ਰਾਇ ਸਿਆਲਕੋਟ ਦੇ ਵਾਸੀ ਭਾਗ ਮਲ ਪੁਰੀ ਤੇ ਗੌਰਾਂ ਦਾ ਇਕਲੌਤਾ ਪੁੱਤਰ ਸੀ। ਸਮੇਂ ਦੇ ਰਿਵਾਜ ਅਨੁਸਾਰ ਉਸ ਦੀ ਸ਼ਾਦੀ ਬਾਲ ਉਮਰੇ ਹੀ ਵਡਾਲੇ ਦੇ ਰਹਿਣ ਵਾਲੇ ਸ: ਕਿਸ਼ਨ ਸਿੰਘ ਦੀ ਲੜਕੀ ਬੀਬੀ ਦੁਰਗੀ ਨਾਲ ਹੋ ਗਈ ਸੀ। ਕਿਸ਼ਨ ਸਿੰਘ ਦਾ ਸਿਖ ਘਰਾਣਾ ਸੀ ਤੇ ਇਸ ਦੇ ਦੋ ਹੋਰ ਭਰਾ ਮੱਲ ਸਿੰਘ ਤੇ ਦਲ ਸਿੰਘ ਸਨ। ਗੌਰਾਂ ਦੇ ਪੇਕੇ, ਭਾਵ, ਹਕੀਕਤ ਰਾਇ ਦੇ ਨਾਨਕੇ ਵੀ ਸਿਖ ਸਨ। ਇਸ ਪਿਛੋਕੜ ਕਾਰਨ ਮੁਢ ਤੋਂ ਹੀ ਇਸ ਬਚੇ ਦੇ ਦਿਲ ਤੇ ਸਿਖ ਗੁਰੂਆਂ ਦੀਆਂ ਮਜ਼ਲੂਮਾਂ ਖ਼ਾਤਰ ਘਾਲਾਂ, ਸ਼ਹੀਦੀਆਂ ਤੇ ਸਿੰਘਾਂ ਦੇ ਜੰਗੀ ਕਾਰਨਾਮਿਆਂ ਦਾ ਬੜਾ ਅਸਰ ਸੀ। ਉਸ ਵੇਲੇ ਪੜ੍ਹਾਈ ਦਾ ਅੱਜ ਵਰਗਾ ਪ੍ਰਬੰਧ ਨਹੀਂ ਸੀ। ਹਕੀਕਤ ਰਾਇ ਮੁਸਲਮਾਨ ਮੁੰਡਿਆਂ ਨਾਲ ਮਸੀਤ ਵਿਚ ਪੜ੍ਹਦਾ ਸੀ। ਇਕ ਦਿਨ ਮੁਸਲਮਾਨ ਮੁੰਡਿਆਂ ਨੇ ਗੱਲਾਂ ਗੱਲਾਂ ਵਿਚ ਦੇਵੀ ਬਾਰੇ ਕੁਝ ਬੁਰੇ ਸ਼ਬਦ ਬੋਲੇ ਤਾਂ ਹਕੀਕਤ ਰਾਇ ਨੇ ਉਨ੍ਹਾਂ ਨੂੰ ਟੋਕਿਆ। ਚਾਂਭੜਿਆਂ ਮੁੰਡਿਆਂ ਹੋਸ਼ ਦੀ ਗੱਲ ਕਰਨ ਦੀ ਥਾਂ ਦੇਵੀ ਨੂੰ ਗਾਲ੍ਹ ਕਢ ਦਿਤੀ। ਅਗੋਂ ਹਕੀਕਤ ਨੇ ਬੀਬੀ ਫ਼ਾਤਮਾ (ਹਜ਼ਰਤ ਮੁਹੰਮਦ ਸਾਹਿਬ ਤੇ ਮਾਤਾ ਖਦੀਜਾ ਦੀ ਸਪੁੱਤਰੀ, ਹਜ਼ਰਤ ਅਲੀ ਦੀ ਘਰ ਵਾਲੀ ਤੇ ਹਸਨ ਹੁਸੈਨ ਦੀ ਮਾਤਾ) ਨੂੰ ਉਵੇਂ ਕਿਹਾ। ਇਕ ਹਿੰਦੂ ਛੋਕਰੇ ਦੀ ਇਹ ਮਜਾਲ! ਮੁੰਡਿਆਂ ਪਹਿਲਾਂ ਤਾਂ ਉਸਨੂੰ ਖੂਬ ਕੁੱਟਿਆ ਤੇ ਫਿਰ ਬਾਹਰੋਂ ਆਇ ਮੌਲਵੀ ਪਾਸ ਸ਼ਿਕਾਇਤ ਲਾਈ। ਹਕੀਕਤ ਨੂੰ ਹੁਜਰੇ ਵਿਚ ਬੰਦ ਕਰ ਦਿਤਾ ਗਿਆ। ਗੱਲ ਸਾਰੇ ਸ਼ਹਿਰ ਵਿਚ ਫੈਲ ਗਈ ਤੇ ਮੁਸਲਮਾਨ ਭੜਕ ਪਏ। ਸਿਆਣੇ ਹਿੰਦੂਆਂ ਤੇ ਮੁਸਲਮਾਨਾਂ ਬੈਠ ਕੇ ਗੱਲ ਨਜਿਠ ਲੈਣ ਲਈ ਕਿਹਾ ਕਿ ਸਜ਼ਾ ਜੁਰਮਾਨਾ ਕਰ ਕੇ ਮੁਆਮਲਾ ਠੰਡਾ ਕਰ ਦਿਤਾ ਜਾਵੇ। ਪਰ ਸ਼ਹਿਰ ਦੇ ਜਨੂੰਨੀ ਤੇ ਮੌਲਵੀ ਤਾਂ ਕਹਿਣ, ਤੁਹਾਡਾ ਦੇਣਾ ਕੀ ਜੇ ਇਹ ਮੁੰਡਾ ਜ਼ਿੰਦਾ ਰਹਿ ਜਾਵੇ। ਸਿਰਫ਼ ਮੁਸਲਮਾਨ ਹੋ ਕੇ ਹੀ ਬਚੂ। ਬੀਬੀ ਫ਼ਾਤਮਾ ਨੂੰ ਗਾਲ੍ਹ ਦੇ ਕੇ ਇਹ ਬਚ ਕਿਵੇਂ ਜਾਵੇਗਾ? ਏਸੇ ਗੁਨਾਹ ਵਿਚ ਉਹ ਫੜਿਆ ਹੋਇਆ ਲਾਹੌਰ ਲਿਆ ਕੇ ਖਾਨ


www.AKJ.Org

ਬਹਾਦਰ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਇਥੇ ਮੌਤ ਜਾਂ ਇਸਲਾਮ ਕਬੂਲ ਕਰਨ ਦਾ ਫ਼ਤਵਾ ਦਿਤਾ ਗਿਆ। ਜ਼ਕਰੀਆ ਖ਼ਾਨ ਬੱਚੇ ਦੀ ਮਾਅਸੂਮੀਅਤ ਤੇ ਛੋਟੀ ਉਮਰ ਵੇਖ ਕੇ ਛੋਟੀ ਮੋਟੀ ਸਜ਼ਾ ਦੇ ਕੇ ਉਸਨੂੰ ਛਡਣ ਦੇ ਰੌਂਅ ਵਿਚ ਸੀ, ਪਰ ਇਨਸਾਨੀ ਲਹੂ ਦੇ ਤਿਹਾਏ ਮੁਫ਼ਤੀ ਤੇ ਕਾਜ਼ੀ ਨੇ ਗਵਰਨਰ ਦੀ ਪੇਸ਼ ਨਾ ਜਾਣ ਦਿਤੀ। ਅੰਤ ਉਸ ਧਰਮੀ ਬੱਚੇ ਨੇ ਆਪਣਾ ਧਰਮ ਤਿਆਗਣ ਦੀ ਥਾਂ ਮੌਤ ਪਰਵਾਨ ਕੀਤੀ ਤੇ ਬਸੰਤ ਪੰਚਮੀ (੧੭੯੧ ਬਿਕ੍ਰਮੀ ਮੁਤਾਬਕ ੧੭੩੫ ਈ:) ਵਾਲੇ ਦਿਨ ਨਖਾਸ ਵਿਚ ਸ਼ਹੀਦ ਕੀਤਾ ਗਿਆ। ਇਸ ਦੀ ਸਮਾਧ ਲਾਹੌਰੋਂ ੨ ਮੀਲ ਚੜ੍ਹਦੇ ਵਿਚ ਸ਼ਾਹ ਬਿਲਾਵਲ ਦੇ ਬਾਗ ਲਾਗੇ ਹੈ। ਹਰ ਸਾਲ ਬਸੰਤ ਪੰਚਮੀ ਵਾਲੇ ਦਿਨ ਇਥੇ ਬੜੀ ਧੂਮ ਧਾਮ ਨਾਲ ਮੇਲਾ ਲੱਗਿਆ ਕਰਦਾ ਸੀ। ਪਾਕਿਸਤਾਨ ਬਣ ਜਾਣ ਪਿਛੋਂ ਹੁਣ ਉਹ ਗਲ ਨਹੀਂ ਰਹੀ।

ਹਕੀਕਤ ਰਾਇ ਉਤੇ ਹੋਏ ਜਬਰ ਦਾ ਪਿਛੋਂ ਸਿੰਘਾਂ ਨੇ ਪੂਰਾ ਬਦਲਾ ਲਿਆ। ਸਿਆਲਕੋਟ ਉਤੇ ਹਮਲਾ ਕਰ ਕੇ ਸ਼ਹਿਰ ਚੰਗਾ ਸਵਾਰ ਕੇ ਲੁਟਿਆ। ਜ਼ਾਲਮ ਖਾਨ ਕਾਜ਼ੀ, ਮੌਲਵੀ ਅਬਦੁਲ ਹੱਕ, ਸਿਆਲਕੋਟ ਦਾ ਹਾਕਮ ਅਮੀਰ ਬੇਗ ਤੇ ਹੋਰ ਚੋਣਵੇਂ ਮੁਸਲਮਾਨ, ਜਿਨ੍ਹਾਂ ਦਾ ਇਸ ਕਾਰੇ ਵਿਚ ਹੱਥ ਸੀ, ਕੁਤਰਾ ਕਰ ਕੇ ਮਾਰੇ। ਸ: ਕਿਸ਼ਨ ਸਿੰਘ ਤੇ ਦਲ ਸਿੰਘ ਨੇ ਹਕੀਕਤ ਰਾਇ ਦੇ ਕਾਤਲਾਂ ਦੇ ਸਿਰ ਹਕੀਕਤ ਰਾਇ ਦੀ ਮਾਤਾ ਗੋਰਾਂ ਦੇ ਸਾਹਮਣੇ ਜਾ ਰਖੇ।

ਨੋਟ : ਬਾਲ ਹਕੀਕਤ ਰਾਇ ਦੀ ਸ਼ਹਾਦਤ ਦੇ ਸੰਨ ਬਾਰੇ ਵਖ ਵਖ ਇਤਿਹਾਸਕਾਰਾਂ ਦੀਆਂ ਵਖ ਵਖ ਰਾਵਾਂ ਹਨ, ਜਿਵੇਂ ਕਿ—

ਸ: ਰਤਨ ਸਿੰਘ ਭੰਗੂ—ਸੰਮਤ ੧੭੯੧ ਬਿ: (੧੭੩੫ ਈ:)

ਗਿ: ਗਿਆਨ ਸਿੰਘ—ਸੰਮਤ ੧੮੦੩ ਈ: ਡਾ ਹਰੀ ਰਾਮ ਗੁਪਤਾ—ਸੰਨ ੧੭੪੩ ਈ:

---

# ਸਿਨਮਾਵੀ ਫ਼ਿਲਮਾਵੀ ਲਿਖਤਾਂ ਨਿਰੀ ਮਨਮਤਿ

ਇਹ ਸੁਣ ਕੇ ਬੜਾ ਹੀ ਸ਼ਰਮਸਾਰ ਹੋਣਾ ਪੈਂਦਾ ਹੈ ਕਿ ਅਸਾਡੇ ਇਸ਼ਕ ਮਿਜ਼ਾਜੀ ਦੇ ਨਫ਼ਸਾਨੀ ਰੰਗ ਦੇ ਕੁਰੰਗੇ ਹੋਏ, ਨਿਰੀਆਂ ਰੰਗ-ਰਲੀਆਂ ਮਾਨਣ ਵਾਲੇ ਸ਼ਹਿਵਤੀ (ਕਾਮੀ) ਪੁਰਸ਼, ਸਿਨਮਿਆਂ ਵਿਚ ਆਈਆਂ ਅਤੇ ਨਿਰੇ ਜਜ਼ਬਾਤੀ ਇਸ਼ਕ ਵਿਚ ਪ੍ਰਗਟਾਈਆਂ, ਕੁਬਾਣੀਆਂ ਨੂੰ ਨਿਰੇ ਫੋਕੇ ਜ਼ਬਾਨਦਾਨੀ ਦੇ ਭਰਮਾਂ ਵਿਚ ਭੁਲੇ ਹੋਏ, ਇਸ਼ਕ ਮਿਜ਼ਾਜੀ ਦੇ ਵਿਚ ਨਫ਼ਸੁੱਟੇ ਹੋਏ (ਇੰਦਰਿਆਂ ਦੇ ਰਸਾਂ ਵਿਚ ਗੁਸੇ ਹੋਏ) ਪੁਰਸ਼ ਆਪਣੀ ਕੁਰਚਨਾ ਵਿਚ ਏਸੇ ਸਿਨਮਿਆਂ ਵਾਲੀ ਕੁ-ਰਚਨਾ ਤੇ ਗੁਰਬਾਣੀ ਵਿਚ ਮਿਲਾ ਕੇ ਨਿਰੀ ਨਫ਼ਸਾਨੀਅਤ ਨੂੰ ਉਭਾਰਦੇ ਹਨ। ਬਹੁਤ ਸਾਰੇ ਅਖੌਤੀ (*so called*) ਸਿਖ ਆਗੂ ਨਿਧੜਕ ਹੋ ਕੇ ਸਿਨਮਾਵੀ ਫਿਲਮਾਵਾਂ ਨੂੰ ਗੁਰਮਤਿ ਦੇ ਗੂੜ੍ਹ-ਰੰਗੇ-ਹਕੀਕੀ ਘਟਨਾਵਾਂ ਵਾਲੇ ਜੀਵਨਾਂ ਪ੍ਰਥਾਇ ਵਰਤਣੋਂ ਭੀ ਨਹੀਂ ਸ਼ਰਮਾਂਦੇ ਤੇ ਖੁਲ੍ਹ-ਮ-ਖੁਲ੍ਹਾ ਗੁਰਮਤਿ ਜੀਵਨਾਂ ਵਾਲੇ ਸ੍ਰੇਸ਼ਟ ਗੁਰਮੁਖ ਜਨਾਂ ਦੀਆਂ ਫ਼ਿਲਮਾਂ ਉਤਾਰਨ ਤੋਂ ਭੀ ਨਹੀਂ ਸੰਕੋਚਦੇ। ਇਹ ਨਿਰੀ ਮਨਮਤਿ ਹੈ, ਜਿਸ ਨੂੰ ਕਿ ਬੜੇ ਫ਼ਖ਼ਰ ਨਾਲ ਪ੍ਰਚਾਰਦੇ ਹਨ। ਫਿਲਮੀ ਸਿਨਮੇ ਦੀਆਂ ਤਸਵੀਰਾਂ ਦੇਣੀਆਂ ਨਿਰੀ ਮਨ-ਮਤੀਆਂ ਦੀ ਰੀਸ ਹੈ, ਜਿਹੜੇ ਸਰਾਸਰ ਜਜ਼ਬਾਂਤੀ ਇਸ਼ਕ ਮਿਜ਼ਾਜੀ ਦੇ ਨਫ਼ਸ-ਪ੍ਰਸਤ ਖੋਟੇ ਰੰਗਾਂ ਵਿਚ ਹੀ ਲੱਥ ਪੱਥ ਹੋਏ ਪਏ ਹਨ। ਇਹ ਗੁਰਮਤਿ ਦਾ ਨਿਗਰ ਪ੍ਰਚਾਰ ਨਹੀਂ, ਉਲਟ ਪ੍ਰਚਾਰ ਹੈ। ਇਸ਼ਕ ਹਕੀਕੀ ਦੇ ਸੱਚੜੇ ਸੋਹਿਲੇ ਗਾਵਣਹਾਰੇ ਗੁਰਮੁਖ ਜਨ ਕਦੇ ਭੀ ਇਨ੍ਹਾਂ ਕੁਬਹਿਤਾਂ (ਕੁਰੀਤਾਂ) ਵਿਚ ਨਹੀਂ ਪੈ ਸਕਦੇ। ...

ਆਮ ਤੌਰ ਤੇ ਸ਼ਹਿਰਾਂ ਵਿਚ ਦੇਖੀਦਾ ਹੈ ਅਤੇ ਪਿੰਡਾਂ ਵਿਚ ਵੀ ਇਹ ਕੁਵਾਦੀ ਵਗ ਗਈ ਹੋਈ ਹੈ ਕਿ ਗ੍ਰਾਮੋਫ਼ੋਨ ਦੇ ਗੰਦੇ ਰੀਕਾਰਡ ਲਾਉਣ ਅਤੇ ਸੁਣਨ ਨੂੰ, ਇਸ਼ਕ ਹਕੀਕੀ ਤੋਂ ਘੁਥੇ ਹੋਏ ਲੋਗ, ਨਿਰਾ ਸਵਾਬ ਸਮਝੀ ਬੈਠੇ ਹਨ, ਹਾਲਾਂਕਿ ਨਿਰਾ ਹੀ ਕੁਸੰਗ ਇਨ੍ਹਾਂ ਵਿਚ ਭਰਿਆ ਪਿਆ ਹੈ। ਗੁਰੂ ਨਾਨਕ ਸਾਹਿਬ ਜੀ ਦੀ ਦਰਸਾਈ ਹੋਈ ਸੱਚੜੀ ਇਸ਼ਕ ਹਕੀਕੀ ਵਾਲੀ ਮੰਜ਼ਲ ਦੇ ਸੱਚੜੇ ਪਾਂਧੀ ਕਦੇ ਭੀ ਇਨ੍ਹਾਂ ਇੱਲਤਾਂ ਵਿਚ ਪੈ ਨਹੀਂ ਸਕਦੇ।

[ਭਾ: ਸਾ: ਰਣਧੀਰ ਸਿੰਘ ਜੀ ਲਿਖਤ 'ਗੁਰਮਤਿ ਲੇਖ' ਪੰਨਾ ੧੫੨-੫੪

# ਚੜ੍ਹਦੀ ਕਲਾ ਵਾਲਾ ਗੁਰੂ

[ਭਾਈ ਨਰੈਣ ਸਿੰਘ ਜੀ ਐਮ.ਏ., ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ]

ਜਿਸ ਮਾਤ ਗੁਜਰੀ ਨੇ ਬਕਾਲੇ ਅੰਦਰ ਆਪਣੇ ਜੋਬਨ ਦੇ ਸਤਾਈ ਵਰ੍ਹੇ ਭੋਰੇ ਦੇ ਬੂਹੇ ਅਗੇ ਪਹਿਰਾ ਦੇਂਦਿਆਂ ਬਿਤਾਏ ਸਨ ਤਾਂ ਜੁ ਉਸਦੇ ਪ੍ਰਾਣ ਪਿਆਰੇ ਪਤੀ ਸ੍ਰੀ ਤੇਗ ਬਹਾਦਰ ਜੀ ਦੀ ਪ੍ਰਭੂ-ਚਰਨਾਂ ਅੰਦਰ ਜੁੜੀ ਬਿਰਤੀ ਨੂੰ ਕੋਈ ਉਟਕਾਏ ਨਾ; ਫਿਰ ਜਿਸ ਮਾਤ ਗੁਜਰੀ ਨੇ ਆਪਣੇ ਪਿਆਰੇ ਪੁਤਰ ਗੋਬਿੰਦ ਰਾਏ ਨੂੰ ਕੇਵਲ ਨੌਂ ਸਾਲ ਦੀ ਅਵਸਥਾ ਅੰਦਰ ਪਿਤਾ ਗੁਰੂ ਤੇਗ ਬਹਾਦਰ ਪ੍ਰਤੀ ਇਹ ਕਹਿੰਦਿਆਂ ਸੁਣਿਆ ਸੀ ਕਿ ਮਜ਼ਲੂਮ ਤੇ ਦੁਖੀ ਜਨਤਾ ਦੀ ਧਰਮ-ਰਖਿਆ ਵਾਸਤੇ ਆਪਣਾ ਜੀਵਨ ਬਲੀਦਾਨ ਕਰਨ ਲਈ ਆਪ ਤੋਂ ਵਡੀ ਪਵਿੱਤਰ ਹਸਤੀ ਕਿਹੜੀ ਹੈ; ਹਾਂ, ਜਿਸ ਮਾਤ ਗੁਜਰੀ ਨੇ ਆਪਣੇ ਪਤੀ ਗੁਰੂ ਤੇਗ ਬਹਾਦਰ ਜੀ ਦਾ ਸੀਸ ਆਪਣੀ ਝੋਲੀ ਵਿਚ ਰਖਦਿਆਂ ਹੋਇਆਂ ਅੱਖੀਂ ਡਿਠਾ ਸੀ ਕਿ ਉਸਦੇ ਪੁੱਤਰ ਗੋਬਿੰਦ ਰਾਇ ਜੀ ਨੇ ਦਿਲੀ ਤੋਂ ਪਿਤਾ ਜੀ ਦਾ ਸੀਸ ਲਿਆਉਣ ਵਾਲੇ ਰੰਗਰੇਟੇ ਨੂੰ ਗਲਵਕੜੀ ਪਾਉਂਦਿਆਂ ਹੋਇਆਂ 'ਰੰਗਰੇਟਾ ਗੁਰੂ ਕਾ ਬੇਟਾ'' ਕਹਿ ਕੇ ਮਨੁਖੀ ਸਮਾਨਤਾ ਦਾ ਸਬੂਤ ਦਿਤਾ ਸੀ ਅਤੇ ਮਾਤਾ ਨੂੰ ਇਹ ਨਿਸਚਾ ਕਰਵਾਇਆ ਸੀ ਕਿ ਉਸਦਾ ਪੁਤਰ ਨੀਵਿਆਂ ਨੂੰ ਉਪਰ ਚੁਕਣ ਅਤੇ ਦੀਨਾਂ ਤੇ ਦੁਖੀਆਂ ਲਈ ਆਪਾ ਵਾਰ ਦੇਣ ਲਈ ਦੁਨੀਆ ਤੇ ਆਇਆ ਸੀ, ਉਸ ਮਾਤ ਗੁਜਰੀ ਨੇ ਇਹ ਸਭ ਕੁਝ ਆਪਣੀ ਅੱਖੀਂ ਦੇਖ ਲਿਆ ਸੀ।

ਉਹ ਅੱਜ ਇਸ ਸੋਚ ਵਿਚ ਸੀ ਕਿ ਪੁੱਤਰ ਗੋਬਿੰਦ ਰਾਇ ਦਾ ਨਿਸ਼ਾਨਾ ਬਹੁਤ ਉੱਚਾ ਆਦਰਸ਼ਕ ਹੈ, ਪ੍ਰੰਤੂ ਰਾਜ ਅਤੇ ਸਮਾਜ ਦਾ ਮਾਹੌਲ ਅਨੁਕੂਲ ਨਹੀਂ, ਰਾਜ ਭਾਗ ਤੇ ਸਮਾਜ ਦੇ ਮੋਹਰੀਆਂ ਨੂੰ ਇਹ ਵੇਖ ਨਹੀਂ ਸੁਖਾਂਦਾ ਕਿ ਮਹਿਕੂਮ ਅਥਵਾ ਰਿਆਇਆ ਉਨ੍ਹਾਂ ਦੇ ਮੂਹਰੇ ਸਿਰ ਉੱਚਾ ਕਰੇ। ਉਨ੍ਹਾਂ ਦੀ ਖੁਸ਼ੀ ਇਸ ਵਿਚ ਹੈ ਕਿ ਜਨਤਾ ਉਨ੍ਹਾਂ ਦਾ ਹੀ ਪਾਣੀ ਭਰਦੀ ਰਹੇ। ਜੇ ਇਕ ਨੂੰ ਆਪਣੀ ਤਾਕਤ ਦਾ ਮਦ ਹੈ ਤਾਂ ਦੂਜੇ ਦੇ ਅੰਦਰ ਮਜ਼ਬੀ ਜਨੂੰਨ ਹੈ। ਨਿਆਂ, ਧਰਮ ਅਤੇ ਸੱਚ ਖੰਭ ਲਗਾ ਕੇ ਉਡ ਚੁਕੇ ਹਨ। ਜੇ ਕਿਧਰੇ ਧਰਮ ਹੈ ਤਾਂ ਉਹ ਲੁਕ ਛਿਪ ਕੇ ਦਿਨ-ਕਟੀ ਕਰ ਰਿਹਾ ਹੈ, ਦੁਸ਼ਟਾਂ ਤੇ ਹੰਕਾਰੀਆਂ ਦਾ ਬੋਲ ਬਾਲਾ ਹੈ। ਸਾਧਾਰਨ ਤੇ ਵਿਚਲੀ ਸ਼੍ਰੇਣੀ ਦੇ ਮਨੁੱਖ ਦੀ ਕੋਈ ਆਵਾਜ਼ ਨਹੀਂ। ਉਹ ਰਾਜਸੀ ਅਤੇ ਧਾਰਮਿਕ ਦੋਨਾਂ ਗੁਲਾਮੀਆਂ ਦਾ ਸ਼ਿਕਾਰ ਹੋ ਰਿਹਾ ਹੈ। ਧਰਮ ਕਰਮ ਦੀ ਖੁਲ੍ਹ ਤਾਂ ਕੀ ਹੋਣੀ ਹੋਈ, ਮਨੁੱਖ ਨੂੰ ਮਨੁੱਖਾਂ ਵਾਂਗ ਜੀਊਣ ਦੀ ਭੀ ਖੁਲ੍ਹ ਨਹੀਂ, ਬਲਕਿ ਉਹ ਸਾਹਸ-ਹੀਣ ਹੋ ਚੁਕਾ ਹੈ। ਗੁਰੂ ਨਾਨਕ-ਆਦਰਸ਼ ਦੀ ਪੂਰਤੀ ਲਈ ਦਾਦਾ ਗੁਰੂ ਅਰਜਨ ਦੇਵ ਜੀ ਅਸਹਿ ਕਸ਼ਟ ਸਹਾਰਦੇ ਹੋਏ ਆਪਣੀ ਬਲੀ ਦੇ ਗਏ, ਉਪਰੰਤ ਦੀਨਾਂ ਅਤੇ ਦੁਖੀਆਂ ਦੀ ਪੀੜਾ ਨੂੰ ਹਰਨ ਲਈ ਪ੍ਰਾਣ-ਪਤੀ ਗੁਰੂ ਤੇਗ ਬਹਾਦਰ ਜੀ ਦੇ ਨਾਲ ਭਾਈ ਮਤੀ ਦਾਸ ਅਤੇ ਭਾਈ ਦਿਆਲੇ ਜਿਹੇ ਗੁਰੂ ਕੇ ਸਿਖ ਆਪਾ ਨਿਛਾਵਰ ਕਰ ਗਏ ਅਤੇ ਸਾਰੀਆਂ ਜ਼ਿੰਮੇਵਾਰੀਆਂ ਦਾ ਭਾਰ ਨੌਂ ਸਾਲ ਦੇ ਅੰਵਾਣੇ ਗੋਬਿੰਦ ਰਾਇ ਦੇ ਮੋਢਿਆਂ ਤੇ ਪਾ ਗਏ। ਇਹ ਹਾਲਾਂ ਬੱਚੇ ਹਨ, ਫਿਰ ਪੱਤਾ ਪੱਤਾ ਇਨ੍ਹਾਂ ਦਾ ਵੈਰੀ ਹੈ। ਜਿਸ ਦੇ ਪਿਤਾ ਨੂੰ ਸਮੇਂ ਦੀ ਹਕੂਮਤ ਵਲੋਂ ਸ਼ਹੀਦ ਕੀਤਾ ਗਿਆ ਹੈ ਉਹ ਹਕੂਮਤ ਉਸ ਨੂੰ ਵਧਦਾ ਫੂਲਦਾ ਕਿਵੇਂ ਵੇਖ ਸਕਦੀ ਹੈ? ਚੌਤਰਫੇ ਹਨੇਰਾ ਹੀ ਹਨੇਰਾ ਦਿਸ ਰਿਹਾ ਹੈ। ਕਿਧਰੇ ਭੀ ਆਸ ਉਮੈਦ ਦੀ ਝਲਕ ਨਹੀਂ। ਸ਼ਰੀਕ ਭੀ ਵੈਰੀ ਹਨ। ਸਮਾਜ ਦੇ ਮੁਖੀ ਬ੍ਰਾਹਮਣ ਤੇ ਮੌਲਵੀ ਨਹੀਂ ਚਾਹੁੰਦੇ ਕਿ ਛੋਟੀਆਂ ਸ਼੍ਰੇਣੀਆਂ ਦੇ ਲੋਕ ਉਨ੍ਹਾਂ ਦੇ ਬਰਾਬਰ ਖੜੇ ਹੋਣ। ਇਹ ਰੰਗਰੇਟਿਆਂ ਨੂੰ ਗੁਰੂ ਕੇ ਬੇਟੇ ਕਹਿੰਦੇ ਹਨ, ਪ੍ਰੰਤੂ ਸਮਾਜ ਉਨ੍ਹਾਂ ਦਾ ਪਰਛਾਵਾਂ ਲੈਣ ਨੂੰ ਭੀ ਤਿਆਰ ਨਹੀਂ।

ਇਸ ਦਾ ਕੀ ਬਣੇਗਾ, ਇਉਂ ਸੋਚਦੀ ਸੋਚਦੀ ਮਾਤਾ ਡੂੰਘੇ ਵਹਿਣ ਅੰਦਰ ਵਹਿ ਗਈ। ਕਿੰਨਾ ਕਾਲ ਇਸੇ ਨਿਰਾਸਾ ਤੇ ਬਿਹਬਲਤਾ ਅੰਦਰ ਲੰਘਿਆ। ਅਖੀਰ ਪਤੀ ਗੁਰੂ ਤੇਗ ਬਹਾਦਰ ਜੀ ਦੇ ਚਰਨਾਂ ਦਾ ਧਿਆਨ ਧਰਿਆ, ਗੁਰੂ ਨਾਨਕ ਦੇਵ ਜੀ ਦਾ ਸਰੂਪ ਅੱਖਾਂ ਸਾਹਮਣੇ ਆਇਆ। ਇਤਨੇ ਵਿਚ ਗੋਬਿੰਦ ਰਾਇ ਜੋ ਆਪਣੀ ਬਾਲ ਅਵਸਥਾ ਦੇ ਚੋਜਾਂ ਅੰਦਰ ਮਸਤ ਮਾਤਾ ਦੇ ਰੂਬਰੂ ਆ ਖੜੇ ਹੋਏ। ਮਾਤਾ ਨਹੀਂ ਸੀ ਚਾਹੁੰਦੀ ਕਿ ਗੋਬਿੰਦ

ਰਾਇ ਦੇ ਮਨ ਉਤੇ ਢਹਿੰਦੀ ਦਸ਼ਾ ਦਾ ਕੋਈ ਪ੍ਰਭਾਵ ਪਵੇ, ਪ੍ਰੰਤੂ ਮਾਤਾ ਦੇ ਚੇਹਰੇ ਤੇ ਗੋਬਿੰਦ ਰਾਇ ਜੀ ਨੇ ਕੁਝ ਪੜ੍ਹਿਆ ਤੇ ਸਹਜ ਸੁਭਾ ਪੁਛਿਆ, "ਅੰਮੀ ਜੀ, ਉਦਾਸੀ ਕਿਸ ਗੱਲ ਦੀ ਏ ?" ਮਾਤਾ ਦਸਣਾ ਨਹੀਂ ਸੀ ਚਾਹੁੰਦੀ, ਪਰ ਗੋਬਿੰਦ ਰਾਇ ਦੇ ਵਾਰ ਵਾਰ ਪੁਛਣਪਰ ਮਾਤਾ ਨੇ ਕਿਹਾ, "ਪੁੱਤਰ ਜੀ, ਮੈਂ ਨਹੀਂ ਚਾਹੁੰਦੀ ਕਿ ਤੁਹਾਡੇ ਕੋਮਲ ਅਤੇ ਅਣਭੋਲ ਮਨ ਨੂੰ ਕੋਈ ਠੀਸ ਲਗੇ, ਪ੍ਰੰਤੂ ਸਮੇਂ ਦੇ ਹਾਲਾਤ ਅਜਿਹੇ ਹਨ ਕਿ ਕੁਝ ਨਹੀਂ ਕਿਹਾ ਜਾ ਸਕਦਾ, ਕਦੋਂ ਤੁਹਾਨੂੰ ਕਿਸੇ ਮੁਸ਼ਕਲ ਦਾ ਸਾਹਮਣਾ ਕਰਨਾ ਪਵੇ, ਇਸ ਲਈ ਇਹ ਭੀ ਜ਼ਰੂਰੀ ਹੈ ਕਿ ਤੁਸੀਂ ਹਾਲਾਤ ਦਾ ਠੀਕ ਜਾਇਜ਼ਾ ਲਵੋ ਅਤੇ ਉਸ ਦੇ ਲਈ ਚੋਕਸ ਰਹੋ।" ਇਹ ਕਹਿੰਦੀ ਹੋਈ ਮਾਤਾ ਨੇ ਆਪਣੇ ਅੰਦਰ ਦਾ ਸਾਰਾ ਨਕਸ਼ਾ ਗੋਬਿੰਦ ਰਾਇ ਜੀ ਦੇ ਸਾਹਮਣੇ ਇੰਨ ਬਿੰਨ ਖਿਚ ਕੇ ਰਖ ਦਿਤਾ। ਮਾਤਾ ਦਾ ਵਿਚਾਰ ਸੀ ਕਿ ਗੋਬਿੰਦ ਰਾਇ ਜੀ ਇਸ ਤੋਂ ਪ੍ਰਭਾਵਤ ਹੋ ਕੇ ਚਿੰਤਾ ਪ੍ਰਗਟ ਕਰਨਗੇ, ਪ੍ਰੰਤੂ ਗੋਬਿੰਦ ਰਾਇ ਨੇ ਬੜੀ ਦ੍ਰਿੜ੍ਹਤਾ ਨਾਲ ਉੱਤਰ ਦਿਤਾ :

"ਜਬ ਥੇ ਮਾਤਾ ਕੇ ਉਦਰ ਮੇਂ ਤਬ ਰਾਖਾ ਥਾ ਜੋਇ। ਅਬ ਤੋ ਭਏ ਨੌਂ ਸਾਲ ਕੇ ਕਿਉਂ ਨ ਸਹਾਈ ਹੋਇ।

"ਅੰਮੀ ਜੀ, ਜਿਸ ਨੇ ਮੈਨੂੰ ਇਥੇ ਭੇਜਿਆ ਹੈ, ਮੇਰਾ ਫ਼ਿਕਰ ਉਸਨੂੰ ਹੈ। ਫਿਰ ਜਿਸ ਕੰਮ ਲਈ ਭੇਜਿਆ ਹੈ, ਉਹ ਕੰਮ ਭੀ ਉਸ ਨੇ ਮੈਥੋਂ ਲੈਣਾ ਹੈ। ਮੈਂ ਤਾਂ ਉਸ ਦਾ ਹੁਕਮ ਬਜਾ ਲਿਆਉਣ ਲਈ ਹੀ ਆਇਆ ਹਾਂ। ਜੋ ਕਰਾਵੇਗਾ ਕਰਾਂਗਾ, ਜੋ ਨਹੀਂ ਕਰਾਵੇਗਾ ਨਹੀਂ ਕਰਾਂਗਾ, ਜਿਉਂ ਬੁਲਾਵੇਗਾ ਬੋਲਾਂਗਾ, ਜਿਵੇਂ ਤੋਰੇਗਾ ਤੁਰਾਂਗਾ। ਮੇਰਾ ਆਪਣਾ ਤਾਂ ਕੁਝ ਹੈ ਨਹੀਂ ਜੋ ਹੈ ਉਸਦਾ ਹੈ, 'ਹਮ ਕਿਛੁ ਨਾਹੀ ਏਕੈ ਓਹੀ'*, ਉਸੇ ਦਾ ਹੁਕਮ ਵਰਤ ਰਿਹਾ ਹੈ, ਮੈਂ ਤਾਂ ਹੁਕਮੀ ਬੰਦਾ ਹਾਂ, ਹੁਕਮ ਵਿਚ ਰਹਵਾਂਗਾ, ਹੁਕਮ ਦੀ ਖੇਡ ਖੇਡਾਂਗਾ। ਇਸ ਲਈ ਮੈਨੂੰ ਮੇਰਾ ਫ਼ਿਕਰ ਨਹੀਂ, ਮੇਰਾ ਫ਼ਿਕਰ ਮੇਰੇ ਮਾਲਕ ਨੂੰ ਹੈ। ਮੈਨੂੰ ਤਾਂ ਹੁਕਮ ਹੋਇਆ ਹੈ :

" 'ਪੁੱਤਰ, ਜਾਓ, ਸੰਸਾਰ ਅੰਦਰ ਧਰਮ ਦੀ ਕਾਰ ਕਰਾਓ ਅਤੇ ਮਾੜੇ ਕਰਮ ਕਰਨ ਤੋਂ ਲੋਕਾਂ ਨੂੰ ਹਟਾਵੋ।' ਸੋ ਪ੍ਰਭੂ ਵਲੋਂ ਜੋ ਕੁਝ ਮੈਨੂੰ ਲੋਕਾਂ ਨੂੰ ਦੱਸਣ ਹਿਤ ਕਿਹਾ ਗਿਆ ਹੈ, ਉਹ ਕੁਝ ਦਸਾਂਗਾ। ਧਰਮ ਦਾ ਖਿਲਾਰਨਾ ਕਰਾਂਗਾ ਅਤੇ ਦੁਸ਼ਟਾਂ ਦੋਖੀਆਂ ਨੂੰ ਧਰਤੀ ਪਰ ਪਟਕਾਵਾਂਗਾ, ਧਰਮੀਆਂ ਦੀ ਸੈਨਾ ਖੜੀ ਕਰਾਂਗਾ ਅਤੇ ਅਧਰਮੀਆਂ ਨੂੰ ਡੰਡ ਦੇਵਾਂਗਾ।"

ਮਾਤਾ—ਲਾਲ ਜੀ, ਤੁਸੀਂ ਜੋ ਕਹਿੰਦੇ ਹੋ, ਠੀਕ ਹੈ। ਵਾਹਿਗੁਰੂ ਤੁਹਾਡੇ ਅੰਗ ਸੰਗ ਹੋਵੇ ! ਪਰ ਜਰਵਾਣਿਆਂ ਦਾ ਬੋਲ ਬਾਲਾ ਹੈ। ਸਾਰਾ ਦੇਸ ਉਨ੍ਹਾਂ ਤੋਂ ਭੈ ਖਾਂਦਾ ਹੈ। ਕਿਸੇ ਦਾ ਹੌਸਲਾ ਨਹੀਂ ਪੈਂਦਾ ਕਿ ਉਨ੍ਹਾਂ ਦੇ ਉਲਟ ਕੁਸਕ ਭੀ ਸਕੇ। ਫਿਰ ਉਨ੍ਹਾਂ ਪਾਸ ਬੜੇ ਬੜੇ ਲਸ਼ਕਰ ਹਨ, ਲੜਾਈ ਦੇ ਸਮਾਨ ਹਨ, ਪਦਾਰਥ ਹੈ, ਸਾਰੇ ਦੇਸ਼ ਦੀ ਹਕੂਮਤ ਉਨ੍ਹਾਂ ਦੇ ਹੱਥ ਹੈ, ਹਕੂਮਤ ਦੀ ਮਸਤੀ ਹੈ, ਤਾਕਤ ਦਾ ਘਮੰਡ ਹੈ। ਉਨ੍ਹਾਂ ਨੂੰ ਰਾਜ ਕਰਦਿਆਂ ਛੇ ਪੀੜ੍ਹੀਆਂ ਹੋ ਗਈਆਂ ਹਨ, ਸਾਰਾ ਦੇਸ਼ ਉਨ੍ਹਾਂ ਦਾ ਪਾਣੀ ਭਰਦਾ ਹੈ। ਜੇ ਕੋਈ ਜ਼ਰਾ ਸਿਰ ਚੁਕਦਾ ਹੈ ਤਾਂ ਅਲ ਪਲ ਵਿਚ ਕੁਚਲ ਕੇ ਰਖ ਦਿਤਾ ਜਾਂਦਾ ਹੈ। ਫਿਰ ਮਜ਼੍ਹਬੀ ਜਨੂੰਨ ਉਨ੍ਹਾਂ ਦੇ ਸਿਰ ਸਵਾਰ ਹੈ, ਦੂਜੇ ਧਰਮ ਦੇ ਬੰਦੇ ਨੂੰ ਉਹ ਵੇਖ ਕੇ ਰਾਜ਼ੀ ਨਹੀਂ । ਜੇ ਭੁੱਲ ਭੁਲੇਖੇ ਕੋਈ ਆਪਣਾ ਧਰਮ ਕਰਮ ਕਰਦਾ ਹੈ ਤਾਂ ਕਾਫ਼ਰ ਕਾਫ਼ਰ ਕਹਿ ਕੇ ਮਾਰ ਦਿਤਾ ਜਾਂਦਾ ਹੈ, ਜਾਂ ਧਕੇ ਨਾਲ ਸ਼ਰਹ ਵਿਚ ਲਿਆਇਆ ਜਾਂਦਾ ਹੈ। ਰਿਆਇਆ ਦੀ ਕੋਈ ਆਵਾਜ਼ ਨਹੀਂ, ਨ ਸਾਹਸ ਹੈ ਕਿ ਹਕੂਮਤ ਦੇ ਉਲਟ ਉਭਾਸਰਨ। ਅਜਿਹੀ ਦਸ਼ਾ ਅੰਦਰ ਲਾਲ ਜੀ, ਤੁਹਾਡਾ ਇਹ ਕਹਿਣਾ ਕਿ ਧਰਮੀਆਂ ਦੀ ਸੈਨਾ ਖੜੀ ਕਰੋਗੇ ਤੇ ਅਧਰਮੀਆਂ ਨੂੰ ਧਰਤੀ ਤੇ ਪਟਕਾਓਗੇ, ਕਿਸ ਤਰ੍ਹਾਂ ਸੰਭਵ ਹੋ ਸਕਦਾ ਹੈ ? ਇਕ ਬੰਨੇ ਤਾਂ ਸਾਰੇ ਦੇਸ਼ ਦੀ ਤਾਕਤ, ਸ਼ਾਹੀ ਫੌਜ ਤੇ ਲੜਾਈ ਦੇ ਹਰ ਤਰ੍ਹਾਂ ਦੇ ਸਾਜ਼ ਸਾਮਾਨ ਹਨ ਤੇ ਦੂਜੇ ਬੰਨੇ ਤੁਹਾਡੀ ਇਕ ਇਕੱਲੀ ਜਾਨ ਤੇ ਬਾਲ ਵਰੇਸ...

ਅਜੇ ਮਾਤਾ ਕੁਝ ਹੋਰ ਕਹਿਣਾ ਚਾਹੁੰਦੀ ਸੀ ਕਿ ਗੋਬਿੰਦ ਰਾਇ ਜੀ ਨੇ ਅਧ-ਵਿਚਾਲਿਓਂ ਗੱਲ ਟੋਕੀ ਅਤੇ ਐਉਂ ਪ੍ਰਤੀਤ ਕਰਾਇਆ ਜਿਵੇਂ ਉਹ ਮਾਤਾ ਦੀ ਇਸ ਢਹਿੰਦੀ ਦਸ਼ਾ ਦੀ ਕਹਾਣੀ ਹੋਰ ਸੁਣਨਾ ਨਹੀਂ ਸਨ ਚਾਹੁੰਦੇ, ਆਪ ਛੇਤੀ ਨਾਲ ਬੋਲ ਉਠੇ।

*ਆਸਾ ਮ: ੫, ਪੰਨਾ ੩੯੧


www.AKJ.Org

ਅੰਮੀ ਜੀ, ਸ਼ਾਇਦ ਠੀਕ ਹੋਵੇਗਾ ਤੁਸਾਡਾ ਖਿਆਲ ਦੇਸ ਦੇ ਹਾਕਮਾਂ ਤੇ ਉਨ੍ਹਾਂ ਦੀ ਤਾਕਤ ਬਾਬਤ, ਪਰ ਮੈਨੂੰ ਭੈ ਕਿਸ ਗੱਲ ਦਾ ਹੈ, ਜਦੋਂ ਕਿ ਮੇਰਾ ਅਕਾਲ ਮੇਰੇ ਨਾਲ ਹੈ ? ਉਨ੍ਹਾਂ ਨੂੰ ਮਾਣ ਹੋਵੇਗਾ ਉਨ੍ਹਾਂ ਦੀ ਤਾਕਤ ਦਾ, ਲਸ਼ਕਰਾਂ ਦਾ, ਸਾਜ਼ੋ ਸਾਮਾਨ ਦਾ, ਪਰ ਮੈਨੂੰ ਨਾਜ਼ ਹੈ ਆਪਣੇ ਅਕਾਲ ਤੇ, ਜੋ ਸਮਰੱਥਾ ਰਖਦਾ ਹੈ ਭਸਮ ਕਰ ਦੇਣ ਦੀ ਇਕ ਪਲ ਵਿਚ, ਲੱਖਾਂ ਲਸ਼ਕਰਾਂ ਤੇ ਬਾਦਸ਼ਾਹਾਂ ਦੀ ਬਾਦਸ਼ਾਹੀ ਨੂੰ। ਮੇਰਾ ਅਕਾਲ ਸਦਾ ਮੇਰੇ ਨਾਲ ਹੈ; ਮੇਰਾ ਖਸਮਾਨਾ ਉਸਨੂੰ ਹੈ ਅਤੇ ਜਦੋਂ ਤਕ ਮੇਰੀ ਟੇਕ ਉਸ ਉਪਰ ਹੈ, ਮੈਨੂੰ ਕੋਈ ਕੈਰੀ ਅੱਖ ਨਹੀਂ ਦੇਖ ਸਕਦਾ। ਜ਼ੁਲਮ ਦੀ ਬੇੜੀ ਭਰ ਚੁਕੀ ਹੈ ਅਤੇ ਉਹ ਦਿਨ ਦੂਰ ਨਹੀਂ ਜਦੋਂ ਇਹ ਆਪਣੇ ਭਾਰ ਨਾਲ ਹੀ ਖਾਰੇ ਸਮੁੰਦਰ ਵਿਚ ਡੁਬ ਜਾਏਗੀ। ਮੈਨੂੰ ਤਾਂ ਮੇਰੇ ਅਕਾਲ ਨੇ ਇਸ ਦੇ ਡੋਬਣ ਲਈ ਕੇਵਲ ਇਕ ਸਾਧਨ ਬਣਾ ਕੇ ਭੇਜਿਆ ਹੈ, ਕਰਨ ਕਾਰਨ ਤਾਂ ਹਰ ਗੱਲ ਦਾ ਉਹ ਆਪ ਹੈ। ਹੁਕਮ ਉਸੇ ਦਾ ਵਰਤਣਾ ਹੈ, ਮੈਂ ਤਾਂ ਉਸ ਦੀ ਦਸੀ ਕਾਰ ਕਰਨੀ ਹੈ, ਤਾਂ ਫਿਰ ਮੈਨੂੰ ਕਿਸੇ ਗੱਲ ਦਾ ਡਰ ਨਹੀਂ ਹੋਣਾ ਚਾਹੀਦਾ। ਇਸ ਲਈ ਅੰਮੀ ਜੀ, ਤੁਸੀਂ ਕਿਸੇ ਗੱਲ ਦੀ ਚਿੰਤਾ ਨਾ ਕਰੋ, ਨਾ ਮੇਰੀ ਬਾਲ ਵਰੇਸ ਵਲ ਵੇਖੋ, ਮੈਂ ਇਕੱਲਾ ਨਹੀਂ। ਇਹ ਮੈਂ ਨਹੀਂ ਕਹਿ ਰਿਹਾ, ਇਹ ਉਹ ਕਹਿ ਰਿਹਾ ਹੈ ਜੋ ਮੇਰੇ ਅਤੇ ਤੁਹਾਡੇ ਅੰਗ ਸੰਗ ਹੈ।

ਮਾਤਾ–ਪੁੱਤਰ ਜੀ, ਜੋ ਤੁਸੀਂ ਕਹਿੰਦੇ ਹੋ, ਠੀਕ ਹੈ, ਪਰੰਤੂ ਹਰ ਗੱਲ ਦਾ ਸਾਧਨ ਹੁੰਦਾ ਹੈ।

ਗੋਬਿੰਦ ਰਾਇ ਜੀ–ਸਾਧਨ ਹੈ ਸ਼ਕਤੀ। ਮੇਰਾ ਅਕਾਲ ਸਮਰੱਥ ਤੇ ਸ਼ਕਤੀਵਾਨ ਹੈ, ਉਸਦੇ ਮੰਨਣ ਵਾਲੇ ਨੂੰ ਸਮਰੱਥਾ ਵਾਲਾ ਤੇ ਸ਼ਕਤੀਵਾਨ ਹੋਣਾ ਲੋੜੀਏ, ਦੁਸ਼ਟ-ਦਮਨ ਦੇ ਪੂਜਣ ਵਾਲੇ ਲਈ ਦੁਸ਼ਟ-ਦਮਨ ਹੋਣਾ ਚਾਹੀਦਾ ਹੈ। ਬਲਵਾਨ ਪਿਤਾ ਦੇ ਪੁੱਤਰ ਜੇ ਬਲਵਾਨ ਨਹੀਂ ਹੋਣਗੇ ਤਾਂ ਪਿਤਾ ਦੇ ਨਾਉਂ ਨੂੰ ਲੀਕ ਲਾਉਣਗੇ। ਮੇਰੇ ਅਕਾਲ ਨੇ ਮੈਨੂੰ ਆਪਣਾ ਪੁੱਤਰ ਬਣਾ ਕੇ ਨਿਵਾਜਿਆ ਹੈ। ਮੈਂ ਪਿਤਾ ਦੇ ਗੁਣ ਪ੍ਰਗਟਾਵਾਂਗਾ। ਮੇਰੇ ਪਿਤਾ ਨੇ ਮੈਨੂੰ ਇਹ ਕਹਿ ਕੇ ਭੇਜਿਆ :

ਜਹਾਂ ਤਹਾਂ ਤੁਮ ਧਰਮ ਬਿਥਾਰੋ ॥ ਦੁਸਟ ਦੋਖੀਅਨ ਪਕਰਿ ਪਛਾਰੋ ॥੪੨॥

ਬਚਿਤ੍ਰ ਨਾਟਕ ਪਾ: ੧੦, ਅਧਿਆਇ ੬

ਮੈਂ ਇਹੋ ਕੁਝ ਕਰਨ ਲਈ ਆਇਆ ਹਾਂ। ਮੇਰੇ ਸਾਰੇ ਸਾਧਨ ਇਸ ਨਮਿਤ ਹੋਣਗੇ। ਮੈਂ ਖੜਗ-ਕੇਤ ਦੀ ਭਗਤੀ ਕਰਾਂਗਾ, ਮੈਂ ਭਗੳਤੀ ਨੂੰ ਸਿਮਰਾਂਗਾ, ਮੈਂ ਭਗਉਤੀ ਦੀ ਭਗਤੀ ਤੋਂ ਸ਼ਕਤੀ ਪੈਦਾ ਕਰਾਂਗਾ। ਮੈਂ ਵੇਖ ਰਿਹਾ ਹਾਂ ਕਿ ਮੇਰੇ ਦੇਸ਼ ਦਾ ਬਲ ਛਿਨ ਚੁਕਾ ਹੈ। ਦੇਸ਼ ਮਜ਼ਲੂਮ ਹੈ, ਬਲਹੀਨ ਹੈ; ਮੈਨੂੰ ਅਕਾਲ ਨੇ ਇਨ੍ਹਾਂ ਸ਼ਕਤੀ-ਹੀਨਾਂ ਨੂੰ ਸ਼ਕਤੀਸ਼ਾਲੀ ਬਣਾਉਣ ਲਈ ਭੇਜਿਆ ਹੈ, ਤਾਂ ਕਿ ਇਹ ਦੁਸ਼ਟਾਂ ਦਾ ਨਾਸ ਕਰ ਸਕਣ। ਜਦੋਂ ਮੇਰੇ ਅਕਾਲ ਦੀ ਇਹ ਇੱਛਾ ਹੈ ਤਾਂ ਮੈਨੂੰ ਨਿਸਚਾ ਹੈ ਕਿ–

ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ ॥੫੪॥ (ਪੰਨਾ ੧੪੨੯)

ਇਸ ਲਈ, ਅੰਮੀ ਜੀ, ਮੇਰੇ ਅੰਦਰ ਕਿਸੇ ਪ੍ਰਕਾਰ ਦਾ ਕੋਈ ਤੌਖਲਾ ਨਹੀਂ ਕਿ ਮੇਰੀ ਵਾ ਵੱਲ ਕੋਈ ਵੇਖ ਸਕਦਾ ਹੈ।

ਮੇਰਾ ਕਿਸੇ ਨਾਲ ਵੈਰ ਨਹੀਂ, ਪਰ ਮੈਨੂੰ ਭੈ ਭੀ ਕਿਸੇ ਦਾ ਨਹੀਂ; ਮੇਰੀ ਕਿਸੇ ਨਾਲ ਵੈਰ ਕਮਾਉਣ ਦੀ ਇੱਛਾ ਨਹੀਂ, ਇਸ ਲਈ ਮੈਨੂੰ ਡਰ ਭੀ ਕੋਈ ਨਹੀਂ। ਪਰ ਜੇ ਕੋਈ ਬਲਵਾਨ ਸ਼ੀਂਹ ਗਰੀਬ ਗਊਆਂ ਦੇ ਵਗ ਤੇ ਆ ਪਵੇ ਤਾਂ ਉਨ੍ਹਾਂ ਦੀ ਰਖਿਆ ਕਰਨੀ ਬਣਦੀ ਹੈ। ਇਸ ਵਾਸਤੇ ਰਖਿਆ ਕਰਨ ਵਾਲੇ ਧਰਮੀ ਜੋਧਿਆਂ ਦੀ ਸੈਨਾ ਪੈਦਾ ਕਰਾਂਗਾ, ਜੋ ਦੁਸ਼ਟਾਂ ਨਾਲ ਲੜਨਗੇ, ਉਨ੍ਹਾਂ ਨੂੰ ਮਾਰਨਗੇ, ਮਰਨਗੇ ਭੀ, ਪਰ–

ਐਸੀ ਮਰਨੀ ਜੋ ਮਰੈ ਬਹੁਰਿ ਨ ਮਰਨਾ ਹੋਇ ॥੧॥੧੭॥ (ਪੰਨਾ ੫੫੫)

ਆਪਣੀ ਅੰਮੀ ਜੀ ਨੂੰ ਆਪਣਾ ਟੀਚਾ ਇਉਂ ਦਸਦੇ ਹੋਏ ਗੋਬਿੰਦ ਰਾਇ ਜੀ ਮੁੜ ਬਾਹਰ ਨੂੰ ਦੌੜ ਗਏ ਅਤੇ ਆਪਣੇ ਹਾਣੀਆਂ ਨਾਲ ਖੇਡ ਅੰਦਰ ਜੁਟ ਗਏ। ਜਿਨ੍ਹਾਂ ਦੀ ਵਾਹਿਗੁਰੂ ਉਪਰ ਟੇਕ ਹੈ ਉਹਨਾਂ ਨੂੰ ਕਿਸੇ ਦਾ ਭੈ ਨਹੀਂ ਹੁੰਦਾ। ਸਫਲ ਜੀਵਨ ਦਾ ਆਧਾਰ ਸ਼ਕਤੀ ਹੈ, ਮਨੁੱਖ ਨੂੰ ਸਦਾ ਬਲਵਾਨ ਹੋਣਾ ਚਾਹੀਦਾ ਹੈ।

ਜਿਸ ਦਾ ਕਿਸੇ ਨਾਲ ਵੈਰ ਨਹੀਂ ਉਸ ਨੂੰ ਕਿਸੇ ਦਾ ਡਰ ਨਹੀਂ।


www.AKJ.Org

# ਅਨੰਦਪੁਰ ਦਾ ਜੁਧ

[ਸ: ਅਤਰ ਸਿੰਘ 'ਨੀਰ' 95-ਸ਼ੀਤਲ ਅਪਾਰਟਮੰਟ, ਸੈਨਟਰ-14, ਰੋਹਣੀ, ਦਿਲੀ-85]

ਬਾਈਧਾਰ ਦੇ ਰਾਜਿਆਂ ਦੀ ਸੁਣ ਸੂਬੇ ਸਰਹੰਦ,
ਲਿਖਿਆ ਔਰੰਗਜ਼ੇਬ ਨੂੰ, ਹੇ ਮੁਗਲਾਂ ਦੇ ਚੰਦ!
ਡਾਢਾ ਲਹੂ ਹੈ ਚੋਇਆ ਏਧਰ ਗੁਰੂ ਗੋਬਿੰਦ।
ਹਰ ਪਾਸੇ ਪਿਆ ਪਜਰਦਾ ਪਾ ਪਾ ਨਵੇਂ ਫੰਦ।
ਬਾਝ ਤੁਹਾਡੇ ਭੰਨ ਸਕੇ ਕੋਈ ਨ ਵਧਦੇ ਦੰਦ।
ਹੁਣੇ ਨ ਠੱਪੀ ਖੁੰਬ ਜੇ, ਕੋਈ ਨਵਾਂ ਈ ਚਾੜ੍ਹੂ ਚੰਦ।

ਸੁਣ ਕੇ ਔਰੰਗਜ਼ੇਬ ਨੇ ਕੀਤੀ ਫੌਜ ਤਿਆਰ।
ਘਲਿਆ ਦੀਨਾ ਬੇਗ ਸੰਗ ਪੈਂਦਾ ਖਾਂ ਸਰਦਾਰ।
ਹੋਰ ਘਲੇ ਉਸ ਜਵਾਨ, ਚੁਣ ਨਫਰੀ ਦਸ ਹਜ਼ਾਰ।
ਹਾਥੀਓਂ ਉਚੇ ਗਭਰੂ, ਘੋੜਿਆਂ ਦੀ ਰਫਤਾਰ।
ਚਹਰੇ ਭਖਦੀਆਂ ਲਾਲੀਆਂ, ਅਖਾਂ ਵਿਚ ਅੰਗਿਆਰ।
ਸਫਾ ਵਲ੍ਹੇਟੋ ਉਸਦੀ, ਕਿਹਾ ਸਭਨਾਂ ਨੂੰ ਲਲਕਾਰ।

ਬਾਘੀਆਂ ਪਾਂਦੇ ਤੁਰ ਪਏ ਔਰੰਗੇ ਦੇ ਅਸਵਾਰ।
ਢੋਲ ਵਜਾ ਕੇ ਆ ਗਿਆ ਸਰਹੰਦ ਦਾ ਸੂਬੇਦਾਰ।
ਫੌਜ ਮਿਲਾਈ ਰਾਜਿਆਂ ਆਪਣੀ ਵੀਹ ਹਜ਼ਾਰ।
ਸੂਕਾਂ ਉਠਣ ਇਸਤਰ੍ਹਾਂ ਜਿਉਂ ਨਾਗਾਂ ਦੀ ਫੁੰਕਾਰ।
ਸਾਂਗਾਂ ਭਾਲੇ ਬਰਛੀਆਂ ਵਿਚ ਤੇਗਾਂ ਬੇਸ਼ੁਮਾਰ।
ਘੇਰਿਆ ਪੁਰੀ ਅਨੰਦ ਨੂੰ ਜੰਗ ਦੇ ਲਈ ਵੰਗਾਰ।

ਤਾਂ ਕਲਗੀ ਵਾਲੇ ਪਾਤਸ਼ਾਹ ਸੋਢੀ-ਕੁਲ ਸੁਲਤਾਨ,
ਸ਼ੇਰ ਦੇ ਵਾਂਗੂ ਗਰਜ ਕੇ ਕੀਤਾ ਇਉਂ ਫੁਰਮਾਨ:
ਤੁਸੀਂ ਸੰਭਲੋ ਉਠੋ ਖਾਲਸਾ, ਆਇਆ ਚੜ੍ਹ ਤੂਫਾਨ।
ਤੁਸੀਂ ਲਵੋ ਸੂਤ ਭਗਉਤੀਆਂ, ਚਿਲੇ ਚਾੜ੍ਹੋ ਕਮਾਨ।
ਜਾਣ ਨਾ ਦੇਵੋ ਬੱਚ ਕੇ ਕੋਈ ਵੀ ਏਥੋਂ ਜਾਨ।
ਤੁਸੀਂ ਚੱਬ ਲਉ ਵਾਂਗ ਮਖਾਣਿਆਂ ਤੇ ਭੁਜੇ ਹੋਏ ਧਾਨ।

ਤੁਸੀਂ ਫੌਜ ਪੁਰਖ ਅਕਾਲ ਦੀ, ਮੈਂ ਸਦਕੇ ਸੌ ਸੌ ਵਾਰ।
ਲਾਹ ਲਾਹ ਪਰਛੇ ਮੁਗਲ ਦੇ, ਤੁਸੀਂ ਲਾ ਦੇਵੋ ਅੰਬਾਰ।
ਤੁਸੀਂ ਵਾਹੋ ਭਾਲੇ ਬਰਛੀਆਂ ਤੇ ਖੰਡੇ ਦੋਧਾਰ।
ਤੁਸੀਂ ਰੂਪ ਭਵਾਨੀ ਧਾਰ ਕੇ, ਵੈਰੀ ਦਿਉ ਸੰਘਾਰ।
ਤੁਹਾਡੀ ਗਰਜ ਪਵੇ ਵਿਚ ਪ੍ਰਬਤੀਂ ਕਾਬਲ ਤੇ ਕੰਧਾਰ।
ਬੈਠਾ ਕੰਬੇ ਬਾਦਸ਼ਾਹ ਵੀ ਦਿਲੀ ਦੇ ਦਰਬਾਰ।

ਸੂਤੀਆਂ ਤੇਗਾਂ ਖਾਲਸੇ ਤੇ ਭਥਿਓਂ ਕਢੇ ਤੀਰ।
ਜਿਨ੍ਹਾਂ ਪਾਏ ਭੜਥੂ ਦੁਸ਼ਮਨਾਂ ਵਾਂਗ ਅੰਬੀਆਂ ਚੀਰ।
ਕਲਗੀਆਂ ਵਾਲੇ ਸਤਿਗੁਰੂ, ਫਿਰ ਹੋ ਕੇ ਆਪ ਗੰਭੀਰ।
ਕਢੇ ਬਾਹਰ ਸਪੋਲੀਏ, ਜਿਨ੍ਹਾਂ ਡੰਗ ਡੰਗ ਸੁਟੇ ਕੀਰ।
ਮੁਗਲ ਵੀ ਢੇਰੀ ਕਰ ਰਹੇ, ਚੁਣ ਚੁਣ ਸਿੰਘ ਸਰੀਰ।
ਲਾਸ਼ਾਂ ਤਰਦੀਆਂ ਲਹੂ'ਚਿ ਜਿਵੇਂ ਨਦੀ ਦੇ ਵਿਚ ਸ਼ਤੀਰ

ਹਾਲਤ ਵੇਖ ਕੇ ਜੰਗ ਦੀ ਆਇਆ ਪੈਂਦਾ ਖਾਨ।
ਸੁਣੋ ਮੇਰੀ ਗੋਬਿੰਦ ਸਿੰਘ ਜੀ ਕਹਿਣੀ ਨਾਲ ਧਿਆਨ।
ਨਾ ਮਰਵਾਈਏ ਆਪਣੇ ਅਸੀਂ ਸ਼ੀਹਾਂ ਜਿਹੇ ਜਵਾਨ।
ਆਪਸ ਵਿਚ ਹੀ ਲੜ ਕੇ ਕਰ ਲਈਏ ਨਿਪਟਾਨ।
ਜੋ ਵੀ ਹਾਰੇ ਦੁਹਾਂ ਚੋਂ, ਉਹ ਹਾਰ ਕਰੇ ਪਰਵਾਨ।
ਸਭ ਨਿਪਟਾਰਾ ਇਸੇ ਤੇ, ਸੱਚੋ ਸੱਚ ਜ਼ਬਾਨ।

ਸੁਣ ਕੇ ਉਸਦੀ ਸਤਿਗੁਰੂ, ਉਸਨੂੰ ਕਹਿਆ ਬੋਲ:
ਅਸੀਂ ਕਦੇ ਵੀ ਜੰਗ ਨਹੀਂ ਚਾਂਹਵਦੇ, ਸੁਣ ਕੰਨਾਂ ਨੂੰ ਤੂ ਖੋਲ੍ਹ
ਅਸੀਂ ਸਾਥੀ ਸਦਾ ਮਜ਼ਲੂਮ ਦੇ, ਸਾਡਾ ਸ਼ਾਂਤਮਈ ਦਾ ਬੋਲ
ਸਾਡੀ ਕਿਸੇ ਨਾਲ ਵੀ ਖਾਰ ਨਾ, ਸਾਡੀ ਖੁਲ੍ਹੀ ਪਿਆਰ ਦੀ ਝੋਲ
ਤੁਸੀਂ ਐਵੇਂ ਹੀ ਪਏ ਆ ਗਲ ਹੋ, ਵੇਖੋ ਆਪਣੇ ਦਿਲ ਟਟੋਲ
ਬੇਸ਼ਕ ਪਹਿਲਾਂ ਕਰ ਵਾਰ ਤੂ, ਮਤਾਂ ਹੋਈ ਨ ਬਿਸਤਰਾ ਗੋਲ

ਰਹਿ ਜਾਏ ਕੋਈ ਭਰਮ ਨਾ, ਤੇਰੇ ਰਹੇ ਨ ਦਿਲ ਗੁਮਾਨ।
ਲਾਹ ਲੈ ਆਪਣੇ ਚਾਅ ਤੂ, ਤੇ ਪੂਰੇ ਕਰ ਅਰਮਾਨ।
ਆਇਓਂ ਦਿਲੀਓਂ ਚਲਕੇ, ਤੂੰ ਖਾਲਸੇ ਤਾਈਂ ਮਿਟਾਨ।
ਪਰ ਜ਼ੁਲਮ ਦਾ ਦਮ ਨਾ ਭਰਦਾ, ਕੋਈ ਸੱਚਾ ਇਨਸਾਨ।
ਇਹ ਸੁਣ ਕੇ ਪੈਂਦਾ ਖਾਨ ਨੇ, ਕਸਿਆ ਤੀਰ ਕਮਾਨ।
ਤੇ ਮਾਰਿਆ ਸਿਧੀ ਨਜ਼ਰ ਕਰ, ਕਲਗੀਧਰ ਨੂੰ ਤਾਣ।

ਖਾਲੀ ਗਿਆ ਵਾਰ ਤੇ ਚੜ੍ਹ ਗਿਆ ਡਾਢਾ ਰੋਹ।
ਕੁਦ ਕੁਦ ਉਛਲੇ ਇਧਰ ਉਧਰ ਡੱਡੂ ਵਾਂਗੂ ਉਹ।
ਫਿਰ ਦੂਜਾ ਛਡਿਆ ਤੀਰ ਉਸ ਉਚਾ ਨੀਵਾਂ ਹੋ।
ਉਹ ਵੀ ਗਿਆ ਨਿਕਾਰ, ਤੇ ਲਗਾ ਨ ਉਸਦਾ ਦੋ।
ਤਾਂ ਨੱਸ ਪਿਆ ਕੰਡ ਵਿਖਾਲ ਕੇ ਅਪਣਾ ਮੂੰਹ ਲੁਕੋ।
ਠੇਡੇ ਖਾਂਦਾ ਭਜਿਆ ਜਿਵੇਂ ਲੁਕ ਲੁਕ ਨਿਕਲੇ ਗੋ।



www.AKJ.Org

# ਕਿਉਂ ਅੰਮ੍ਰਿਤ ਨਹੀਂ ਛਕਦਾ ?

[ਗਿਆਨੀ ਗੋਪਾਲ ਸਿੰਘ 'ਮਿੱਤਰ', ਗੁੜਗਾਉਂ]

ਕਲਗੀਧਰ ਨੇ ਤੈਨੂੰ ਬਖਸ਼ਿਐ, ਸਭ ਤੋਂ ਉੱਚਾ ਪਦ ਸਰਦਾਰ ।
ਸਾਬਤ ਸੂਰਤ ਰੂਪ ਰੱਬ ਦਾ, ਤੈਨੂੰ ਦਿੱਤਾ ਏ ਦਾਤਾਰ ।
ਪੰਜ ਬਲੀਆਂ ਨੂੰ ਸੋਧਣ ਦੇ ਲਈ, ਤੈਨੂੰ ਬਖ਼ਸ਼ੇ ਪੰਜ ਕਕਾਰ ।
ਸ਼ੇਰ ਬਣਾਵਣ ਦੇ ਲਈ ਤੈਨੂੰ ਦਿੱਤੀ ਪਾਹੁਲ ਖੰਡੇ ਧਾਰ ।
ਸਿੱਖਾ ! ਅਪਣੀ ਰਹਿਣੀ ਉਤੇ, ਜ਼ਰਾ ਕੁ ਝਾਤੀ ਮਾਰ ।

ਤੈਨੂੰ ਉਸ 'ਰਹਰਾਸ' 'ਸੋਹਿਲਾ', ਪੜ੍ਹਨ ਲਈ ਬਖ਼ਸ਼ੇ 'ਜਪ' 'ਜਾਪ' ।
ਅੰਮ੍ਰਿਤ ਵੇਲੇ ਉਠ ਕੇ ਜੁੜ ਸਾਈਂ ਸੰਗ 'ਆਸਾ ਵਾਰ' ਅਲਾਪ ।
ਹਰਖ ਸੋਗ ਵਿਚ ਇਕ-ਰਸ ਰਹਿ ਕੇ, ਪੜ੍ਹ 'ਆਨੰਦ' ਨ ਵਿਆਪੈ ਤਾਪ ।
"ਊਠਤ ਬੈਸਤ ਸੋਵਤ ਜਾਗਤ" ਵਾਹਿਗੁਰੂ ਗੁਰੂ ਮੰਤ੍ਰ ਚਿਤਾਰ ।
ਸਿੱਖਾ ! ਅਪਣੀ ਰਹਿਣੀ ਉਤੇ, ਜ਼ਰਾ ਕੁ ਝਾਤੀ ਮਾਰ ।

ਅੱਠ ਵਜੇ ਤੂੰ ਸੌਂ ਕੇ ਉਠੇਂ, ਗੁਰਦੁਆਰੇ ਜਾਣੋਂ ਸ਼ਰਮਾਵੇਂ ।
ਨੰਗੇ ਸਿਰ ਤੂੰ ਜਾਏਂ ਸੁਚੇਤੇ, ਨੰਗੇ ਸਿਰ ਤੂੰ ਖਾਣਾ ਖਾਵੇਂ ।
ਵਾਹਿਗੁਰੂ ਦੀ ਬਖ਼ਸ਼ੀ ਹੋਈ ਸੂਰਤ ਤਾਈਂ ਵਿਗਾੜਨਾ ਚਾਹਵੇਂ ।
ਛਡ ਕੇ ਤੂੰ ਸਤਿਸੰਗ ਪਾ ਲਿਐ ਅੱਜ ਸਿਨਮਿਆਂ ਨਾਲ ਪਿਆਰ ।
ਸਿੱਖਾ ! ਅਪਣੀ ਰਹਿਣੀ ਬਹਿਣੀ ਉਤੇ, ਜ਼ਰਾ ਕੁ ਝਾਤੀ ਮਾਰ ।

ਕੇਸਾਧਾਰੀ ਹੈਂ ਤੂੰ ਗੁਰਸਿਖ, ਦਸ ਫਿਰ ਕਿਉਂ ਅੰਮ੍ਰਿਤ ਨਹੀਂ ਛਕਦਾ ?
ਬੰਦਰ ਕਛ ਤੂੰ ਹੈ ਅਪਣਾਈ, ਕਿਉਂ ਕਛਹਿਰਾ ਪਹਿਰਨੋਂ ਝਕਦਾ ?
ਬਿਨ ਪਾਹੁਲ ਤੂੰ ਗੁਰ ਦਰ ਤੇ, ਪਰਵਾਨ ਕਦੀ ਵੀ ਹੋ ਨਹੀਂ ਸਕਦਾ ।
ਦਾਤੇ ਦਾ ਫ਼ੁਰਮਾਨ ਮਿਤਰਾ, ਕਿਉਂ ਬੈਠਾ ਏਂ ਮਨਹੁ ਵਿਸਾਰ ?
ਸਿੱਖਾ ! ਅਪਣੀ ਰਹਿਣੀ ਬਹਿਣੀ ਉਤੇ, ਜ਼ਰਾ ਕੁ ਝਾਤੀ ਮਾਰ ।

---

ਤਦ ਕਲਗੀ ਵਾਲੇ ਪਾਤਸ਼ਾਹ ਕਹਿਆ ਉਚੀ ਵੰਗਾਰ । ਉਹ ਡਿਗਾ ਖਾ ਭਵਾਟੀਆਂ ਜਿਉਂ ਟਾਹਲੀ ਦਾ ਸ਼ਤੀਰ ।
ਕਿਥੇ ਚਲਿਐਂ ਗਾਜ਼ੀਆ ਰੁਕ ਤੇ ਹੋ ਹੁਸ਼ਿਆਰ । ਉਸ ਹੌਕਾ ਭਰਿਆ ਆਖ਼ਰੀ, ਗਿਆ ਖਾਲੀ ਕਰ ਸਰੀਰ ।
ਅਸਾਂ ਜਾਣ ਨਹੀਂ ਦੇਣਾ ਨੱਸ ਕੇ ਹੁਣ ਆਈ ਸਾਡੀ ਵਾਰ । ਵਿਚ ਰੱਤ ਦੇ ਪਿਆ ਇਸਤਰ੍ਹਾਂ, ਜਿਉਂ ਪਾਟੀ ਹੋਈ ਲੀਰ ।
ਕਿਥੇ ਓਇ ਫੜਾਂ ਤੇਰੀਆਂ, ਕਿਥੇ ਪਹਾੜੀਏ ਯਾਰ । ਖਿਸਕਣ ਲਗੇ ਪਹਾੜੀਏ, ਤੇ ਦਿਲੀ ਦੇ ਬਲਬੀਰ ।
ਛਡਿਆ ਸਤਿਗੁਰ ਤੀਰ ਇਕ, ਦੇਇ ਉਸਨੂੰ ਲਲਕਾਰ । ਮੂੰਹ ਪਰਨੇ ਡਿਗਦੇ ਨਸ ਉਠੇ, ਇਲਾਂ ਵਾਂਗ ਟਟੀਰ ।
ਜੋ ਦੁਹਾਂ ਕੰਨਾਂ ਨੂੰ ਚੀਰਦਾ, ਨਿਕਲਿਆ ਕਰ ਖੜਕਾਰ । ਹਾ ਹਾ ਹੂ ਹੂ ਮਿਟ ਗਈ, ਹੋਈ ਰੱਣ ਦੇ ਵਿਚ ਠੰਡੀਰ ।

ਜੈਕਾਰੇ ਗੂੰਜੇ ਹਰ ਤਰਫ਼, ਗੂੰਜੇ ਧਰਤ ਅਸਮਾਨ ।
ਪੈਰ ਸਿਰਾਂ ਤੇ ਰਖ ਕੇ ਗਏ ਭਜ ਪਹਾੜੀਏ ਕਾਹਨ ।
ਰਣਜੀਤ ਨਗਾਰਾ ਗੂੰਜਿਆ, ਯਰਕੇ ਮੁਗਲ ਪਠਾਣ ।
ਤਾਂ ਕਲਗੀਧਰ ਦਾਤਾਰ ਨੇ ਕੀਤਾ ਇਉਂ ਐਲਾਨ :
ਅਕਾਲ ਪੁਰਖ ਨੇ ਰਖ ਲਈ, ਖਾਲਸਾ ਤੇਰੀ ਸ਼ਾਨ ।
ਝੂਲਣ ਸਦਾ ਅਕਾਸ਼ ਵਿਚ ਕੇਸਰੀ 'ਨੀਰ' ਨਿਸ਼ਾਨ ।



www.AKJ.Org

ਕਿੱਥੇ ਤੇਰਾ ਸਿੰਘ ਸਰੂਪ ਹੈ, ਕਿੱਥੇ ਬਾਣੀ ਅਤੇ ਬਾਣਾ।
ਰੋਮਾਂ ਦੀ ਬੇਅਦਬੀ ਕਰਦੈਂ, ਫ਼ੈਸ਼ਨ-ਦਾਰਾਂ ਹੱਥ ਵਿਕਾਣਾ।
ਰਹਿਤ ਬਹਿਤ ਤੇ ਕਰੇ ਟਿਚਕਰਾਂ, ਹੁਕਮ ਨ ਮੰਨੇ ਬਣੇ ਸਿਆਣਾ।
ਸੋਚ ਜ਼ਰਾ ਤੂੰ, ਕਿੱਥੋਂ ਮਿਲਸੀ, ਤੈਨੂੰ ਕਲਗੀਧਰ ਦਾ ਪਿਆਰ ?
ਸਿੱਖਾ ! ਅਪਣੀ ਰਹਿਣੀ ਬਹਿਣੀ ਉਤੇ, ਜ਼ਰਾ ਕੁ ਝਾਤੀ ਮਾਰ।
ਦਸਮ ਪਿਤਾ ਜੀ ਆਖ ਰਹੇ ਨੇ, ਜੇ ਕਰ ਤੂੰ ਬਣ ਜਾਵੇਂ ਮੇਰਾ।
ਅੰਮ੍ਰਿਤ-ਦਾਤ ਪ੍ਰਾਪਤ ਕਰ ਕੇ, ਬਣ ਜਾ ਪੁੱਤ ਲਾਡਲਾ ਸ਼ੇਰਾ।
ਜੇ ਕਰ ਤੂੰ ਮੇਰਾ ਬਣ ਜਾਵੇਂ, ਮੈਂ ਵੀ ਬਣ ਜਾਵਾਂਗਾ ਤੇਰਾ।
ਜੋ ਕੁਝ ਮੰਗੇਂ ਮਿਲ ਜਾਵੇਗਾ, ਵਾਹਿਗੁਰੂ ਦੇ ਭਰੇ ਭੰਡਾਰ।
ਸਿੱਖਾ ! ਅਪਣੀ ਰਹਿਣੀ ਬਹਿਣੀ ਉਤੇ, ਜ਼ਰਾ ਕੁ ਝਾਤੀ ਮਾਰ।
ਆਲਸ ਛੱਡ ਤਿਆਰ ਹੋ ਬੀਬਾ, ਤਕ ਨੇੜੇ ਆ ਗਈ ਵੈਸਾਖੀ।
ਅੰਮ੍ਰਿਤ ਛਕ ਕੇ ਜਨਮ ਸਫਲ ਕਰ, ਮੰਨ ਲੈ "ਮਿੱਤਰ' ਦੀ ਗੱਲ ਆਖੀ।
ਸਿਦਕਵਾਨ ਬਣ ਕੇ ਤੂੰ ਪਿਆਰੇ, ਕਰਨੀ ਏਸ ਚਮਨ ਦੀ ਰਾਖੀ।
ਉਠ ਤਿਆਰ ਹੋ ਗ਼ਫ਼ਲਤ ਛਡ, ਤੱਕ ਔਹ ਬੇੜਾ ਖੜੇ ਤਿਆਰ।
ਅਪਣੀ ਰਹਿਣੀ ਬਹਿਣੀ ਉੱਤੇ, 'ਮਿਤਰ' ਜ਼ਰਾ ਕੁ ਝਾਤੀ ਮਾਰ।

---

## ਸਤਿ ਸੰਗਤ – ਲੋਕ ਪਿਆਰ [ਸ: ਅਤਰ ਸਿੰਘ ਨੀਰ]

ਫੁੱਲ ਕੰਵਲ ਦਾ ਜਲ ਵਿਚ ਖਿੜਿਆ, ਟਹਿਕੇ ਲਵੇ ਹੁਲਾਰੇ।
ਭਵਰੇ ਆਵਣ ਪਾਣ ਗੂੰਜਾਰਾਂ, ਰੱਸ-ਮੁਗਧ ਹੋ ਸਾਰੇ।
ਸਤਿ ਸੰਗ ਵਿਚ ਆ ਕੇ ਬੰਦਾ, ਵਾਹਿਗੁਰੂ ਸਿਫਤ ਸਲਾਹਾਂ;
ਸੁਣ ਕੇ, ਗਾ ਕੇ, 'ਨੀਰ' ਭਟਕਦਾ ਤਪਦਾ ਹਿਰਦਾ ਠਾਰੇ।

ਬਦਲਾ ਲੈਣਾ ਬੜਾ ਹੈ ਸੌਖਾ, ਖ਼ੁਸ਼ੀ ਨਹੀਂ ਪਰ ਲੰਮੀ।
ਮਾਫ਼ ਕਰਨ ਵਿਚ ਮਿਲੇ ਹਮੇਸ਼ਾ ਸ਼ਾਂਤੀ ਮਾਣ ਠਰੁੰਮੀ।
ਨੇਕ ਬਣਨ ਲਈ ਬੰਦਾ ਸਮਾਂ, ਤੋਰ ਕੀੜੀ ਦੀ ਤੁਰਦੈ;
ਲੋਕ-ਪਿਆਰ ਦਰਦ ਦੇ ਬਾਝੋਂ, ਜ਼ਿੰਦਗੀ 'ਨੀਰ' ਨਿਕੰਮੀ।

---

## ਯੂ. ਕੇ. ਦੀਆਂ ਸੰਗਤਾਂ ਪਾਸ ਬੇਨਤੀ

ਯੂ. ਕੇ. ਨਿਵਾਸੀ ਸੰਗਤਾ ਦੇ ਚਰਨਾਂ ਵਿਚ ਸਨਿਮਰ ਬੇਨਤੀ ਹੈ ਕਿ ਸ਼ਹੀਦੀ ਫ਼ੰਡ ਲਈ ਭੇਜਣ ਵਾਲੀ ਮਾਇਆ ਦੇ ਬ੍ਰਿਟਸ਼ ਪੋਸਟਲ ਆਰਡਰ **'ਅਖੰਡ ਕੀਰਤਨੀ ਜਥਾ'** ਦੇ ਨਾਮ ਖਰੀਦ ਕੇ ਸਿੱਧੇ **ਸੂਰਾ ਦਫ਼ਤਰ** ਅੰਮ੍ਰਿਤਸਰ ਨੂੰ ਭੇਜ ਦੇਣ ਜਾਂ ਭਾ: ਗੁਰਨਾਮ ਸਿੰਘ ਜੀ ਰੈਡਿੰਗ ਨੂੰ ਸੌਂਪ ਦੇਣ। ਯੂ. ਕੇ. ਤੋਂ ਇਕੱਠੀ ਰਕਮ ਡਰਾਫਟ/ਚੈਕ ਭੇਜਣ ਵਿਚ ਕਈ ਔਕੜਾਂ ਪੇਸ਼ ਆ ਰਹੀਆਂ ਹਨ। ਸੰਗਤਾਂ ਨੋਟ ਕਰਨ ਜੀ। ਵਲੋਂ—**ਸੂਰਾ ਦਫ਼ਤਰ**

**ਗੁਟਕਾ 'ਜਪੁਜੀ' ਲੜੀਦਾਰ**—ਜੋ ਪ੍ਰੇਮੀ ਪ੍ਰਾਪਤ ਕਰਨਾ ਚਾਹੁਣ, ਉਹ ਦਫ਼ਤਰ ਸੂਰਾ, **ਦਸਮੇਸ਼** ਕਲਾਥ ਮਾਰਕੀਟ, ਅਜੀਤ ਨਗਰ, ਅੰਮ੍ਰਿਤਸਰ ਤੋਂ ਪ੍ਰਾਪਤ ਕਰ ਸਕਦੇ ਹਨ।

# ਸੀਸ ਤਲੀ ਤੇ ਧਰ ਕੇ

[ਸ: ਮਨਜਿੰਦਰ ਸਿੰਘ (ਨਾਰੰਗਵਾਲ) ਗ੍ਰੇਵਜ਼ੈਂਡ ਕੈਂਟ, ਯੂ.ਕੇ.]

ਸੀਸ ਤਲੀ ਤੇ ਧਰ ਕੇ ਸਤਿਗੁਰ ਦੇ ਦਰ ਤੇ ਜਾਈਦੇ । ਤਾਂ ਵਸੱਲ ਮਾਹੀ ਦਾ ਮਿਲਦੈ ਜੇ ਅਪਣਾ ਆਪ ਗਵਾਈਦੇ ।
'ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ । ਗੁਰੁਬਾਣੀ ਕਹੈ ਸੇਵਕੁ ਜਨੁ ਮਾਨੈ' ਸਦਾ ਸੀਸ ਝੁਕਾਈਦੇ ।
ਮੇਰਾ ਮਾਹੀ ਅਨੰਦਪੁਰ ਵਾਲਾ, ਉਹ ਚੋਜੀ ਬੜਾ ਨਿਰਾਲਾ । ਉਹਨੂੰ ਸਿਰ ਦੀ ਭੇਟ ਚੜ੍ਹਾ ਕੈ, ਸੱਚਾ ਜੀਵਨ ਪਾਈਦੇ ।
ਸਵਾ ਲੱਖ ਨਾਲ ਇੱਕ ਲੜਾਵੇ, ਚਿੜੀਆਂ ਤੋਂ ਬਾਜ਼ ਤੁੜਾਵੇ । ਉਹਦਾ ਸੱਚਾ ਅੰਮ੍ਰਿਤ ਪਾ ਕੇ,ਆਪੋਂ ਅਮਰ ਹੋ ਜਾਈਦੇ ।
ਸਾਹਿਬ ਕੌਰ ਤੇ ਗੁਰੂ ਗੋਬਿੰਦ ਸਿੰਘ, ਮਾਂ ਬਾਪ ਹਮਾਰੇ ਨੇ । ਅਨੰਦਪੁਰ ਵਾਲੀ ਧਰਤੀ, ਜਿਥੇ ਸੀਸ ਝੁਕਾਈਦੇ ।
ਉਹਨੇ ਤੇਜ ਬਖਸ਼ਿਆ ਸਾਰਾ, ਆਪਣੇ ਪੰਥ ਖਾਲਸੇ ਨੂੰ । ਪੁੱਟ ਕੇ ਪਾਪ ਜ਼ੁਲਮ ਨੂੰ ਜੜ੍ਹ ਤੋਂ ਧਰਮ ਦਾ ਰਾਜ ਚਲਾਈਦੇ ।
ਨਾਮ ਪ੍ਰਭੂ ਦਾ ਜਪੀਐ, 'ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ' ਧਰਮ-ਯੁਧ ਦਾ ਚੇਤਾ, ਮਨ ਦੇ ਵਿੱਚ ਵਸਾਈਦੇ ।
ਰਖਸ਼ਾ ਦੀਨ ਦੁਖੀ ਦੀ ਨਾਲੇ ਕਿਰਤ ਧਰਮ ਦੀ ਕਰਨੀ । ਪੂਜਾ ਅਕਾਲ ਪੁਰਖ ਦੀ ਕਰੀਏ, ਜਸ ਉਹਦਾ ਗਾਈਦੇ ।
ਉਹ ਸੱਚਾ ਪਿਤਾ ਹਮਾਰਾ, ਸਭਨਾਂ ਨੂੰ ਪਾਲਣਹਾਰਾ । ਇੱਕ-ਮਨ ਇੱਕ-ਚਿੱਤ ਹੋ ਕੈ, ਉਹਦਾ ਨਾਮ ਧਿਆਈਦੇ ।
ਬੇਮੁੱਖ ਗੁਰੂ ਤੋਂ ਜੋ ਭੀ ਹੋਵੇ, ਉਹ ਆਪਣੀ ਸੋਭਾ ਖੋਵੇ । ਸਤਿਗੁਰ ਦਾ ਪੱਲਾ ਫੜ ਕੇ, ਸਾਗਰ ਪਾਰ ਲੰਘਾਈਦੇ ।
ਕਈ ਵਰਤੇ ਘੱਲੂਘਾਰੇ, ਤੇਰੇ ਖਾਲਸੇ ਸਭ ਸਹਾਰੇ । ਜਦ ਭੀੜ ਸਿਰਾਂ ਤੇ ਪੈਂਦੀ, ਤੇਰਾ ਨਾਮ ਧਿਆਈਦੇ ।
ਇਹ ਜ਼ੁਲਮ ਭੀ ਛੇਤੀ ਮੁੱਕਣੇ, ਭਰ ਪਾਪ ਦਾ ਬੇੜਾ ਡੁੱਬਣੈ । ਤੂੰ ਦੇਖੇਂਗਾ ਮਨਜਿਦਰ ਸਿੰਘ, ਕੀ ਖੇਲ ਖਿਲਾਈਦੇ ।

---

## ਰਿਸ਼ਤੇ ਨਾਤੇ

(1) ਚਿਠੀ ਵਾਲਾ ਲਫ਼ਾਫ਼ਾ ਬੰਦ ਕਰ ਕੇ ਐਡਰੈਸ ਵਾਲੀ ਜਗ੍ਹਾ ਉਪਰ ਫ਼ਾਰਮ ਨੰਬਰ (ਜਿਸ ਨੂੰ ਭੇਜਣਾ ਹੈ) ਲਿਖੋ ਅਤੇ ਦੂਸਰੇ ਲਫ਼ਾਫ਼ੇ ਵਿਚ ਬੰਦ ਕਰਕੇ ਸੂਰਾ ਮਾਸਕ ਪੱਤਰ ਨੂੰ ਭੇਜ ਦਿਓ ਜੀ । ਅੰਦਰ ਵਾਲਾ ਲਫਾਫ਼ਾ ਸੰਬੰਧਤ ਫਾਰਮ ਦਾ ਪਤਾ ਲਿਖ ਕੇ ਪੋਸਟ ਕਰ ਦਿੱਤਾ ਜਾਵੇਗਾ ਜੀ ।

ਫ਼ਾਰਮ ਨੰ: 462— ਸਾਢੇ 24 ਸਾਲਾ ਸਿੰਘ, ਕੱਦ 5'—7'', ਇਲੈਕਟ੍ਰੋਨਿਕਸ ਡਿਪਲੋਮਾ ਪਾਸ, ਸਰਕਾਰੀ ਸਰਵਿਸ ਮਾਸਕ ਤਿੰਨ ਹਜ਼ਾਰ ਰੁਪਏ ਲਈ ਘਟੋ ਘਟ ਬੀ. ਏ. ਪਾਸ, ਨੌਕਰੀ ਵਾਲੇ ਰਿਸ਼ਤੇ ਨੂੰ ਪਹਿਲ ।

ਫ਼ਾਰਮ ਨੰ: 463—23 ਸਾਲਾ ਐਮ. ਕਾਮ ਤੇ ਮਿਊਜ਼ਿਕ ਪਾਸ ਬੀਬੀ, ਕੱਦ 5—ਸਾਢੇ 6'' ਲਈ, ਦਿਲੀ ਜਾਂ ਚੰਡੀਗੜ੍ਹ ਨਿਵਾਸੀ ਵਰ ਦੀ ਲੋੜ ਹੈ।

ਫ਼ਾਰਮ ਨੰ: 264— ਸਾਢੇ 23 ਸਾਲਾ ਸਟੈਨੋ ਟਾਈਪਿਸਟ ਸਿੰਘ, ਕੱਦ 5'-4''; ਬੀ. ਏ. ਵਿਚ ਕੰਪਾਰਟਮੈਂਟ-ਪ੍ਰਾਈਵੇਟ ਨੌਕਰੀ, ਲਈ ਯੋਗ ਰਿਸ਼ਤੇ ਦੀ ਲੋੜ ।

ਫ਼ਾਰਮ ਨੰ: 465—ਸਾਢੇ 22 ਸਾਲਾ ਐਮ. ਏ. ਪਾਸ ਬੀਬੀ, ਕੱਦ 5' ਲਈ ਯੋਗ ਵਰ ਦੀ ਲੋੜ ਹੈ ।

ਫ਼ਾਰਮ ਨੰ: 466—24 ਸਾਲਾ ਸਿੰਘ, ਬੀ. ਏ. ਇਲੈਟ੍ਰੀਕਲ, ਕੱਦ 5'-7'', ਲਈ ਉਚ ਵਿਦਿਆ ਵਾਲੀ ਕੀਰਤਨੀ ਤੇ ਲੰਬੀ-ਬਦੇਸ਼ੀ ਲੜਕੀ ਦੇ ਰਿਸ਼ਤੇ ਦੀ ਲੋੜ ।

ਫਾਰਮ ਨੰ: 467— 26 ਸਾਲਾ 10+2 ਤੇ *I.T.I.* ਪਾਸ, ਬਿਜਲੀ ਬੋਰਡ ਵਿਚ ਲਾਈਨਮੈਨ, ਮਾਸਕ 2212/- ਕੱਦ 5'-3'', ਲਈ ਘਟੋ ਘਟ 10+2 ਪਾਸ ਰਿਸ਼ਤੇ ਦੀ ਲੋੜ ।

## ਅਖੰਡ ਕੀਰਤਨੀ ਜਥਾ ਯੂ.ਕੇ. ਵਲੋਂ ਸਮਾਗਮ

(1) ਮਿਤੀ 11-4-93 ਅਖੰਡ ਕੀਰਤਨੀ ਜਥੇ ਦੀ ਜਨਰਲ ਬਾਡੀ ਦੀ ਮੀਟਿੰਗ ਗੁ: ਸ੍ਰੀ ਗੁਰੂ ਸਿੰਘ, ਹੈਵਲਾਕ ਰੋਡ, ਸਾਊਥਾਲ ਵਿਖੇ-ਸੇਵਾਦਾਰਾਂ ਦੀ ਚੋਣ ਅਤੇ ਫੁਟਕਲ ਵੀਚਾਰ

(2) ਅਖੰਡ ਕੀਰਤਨੀ ਜਥਾ ਯੂ.ਕੇ. ਵਲੋਂ ਆਇਰਲੈਂਡ ਵਿਖੇ ਪਰਚਾਰ ਹਿਤ ਸ੍ਰੀ ਅਖੰਡ ਪਾਠ ਤੇ ਕੀਰਤਨ 15 ਤੋਂ 18 ਅਪ੍ਰੈਲ ਸ: ਸਤਨਾਮ ਸਿੰਘ ਗਿਲ, ਫ਼ੋਨ : 0504-260 353,
*51-Messines Park, Bancrana Rd, London Derry, Nothern Ireland.*
ਵਧੇਰੇ ਜਾਣਕਾਰੀ : ਭਾ: ਰਘਬੀਰ ਸਿੰਘ, ਬੀ: ਨਿਰਮਲ ਕੌਰ ਲਮਿੰਗਟਨ-ਸਪਾ, ਫ਼ੋਨ : 0926-885466

(3) ਇੰਟਰਨੈਸ਼ਨਲ ਸਮਾਗਮ ਸ਼ਹੀਦਾਂ ਨਮਿਤ 22 ਤੋਂ 24 ਅਪ੍ਰੈਲ ਸ੍ਰੀ ਅਖੰਡ ਪਾਠ, ਭੋਗ 7 ਵਜੇ ਸ਼ਾਮ, ਉਪਰੰਤ ਰੈਣ ਸਬਾਈ ਕੀਰਤਨ ਅਰੰਭ, 25 ਅਪ੍ਰੈਲ ਸਵੇਰੇ 6 ਵਜੇ ਸਮਾਪਤੀ ਗੁਰਦਵਾਰਾ (ਸਿੱਖ ਟੈਂਪਲ) 95-93 ਨਿਊ ਸਟਰੀਟ, ਲਮਿੰਗਟਨ-ਸਪਾ ਵਿਖੇ । ਗੁਰਦਵਾਰਾ ਫ਼ੋਨ : 0926-424267.
ਜਾਣਕਾਰੀ ਲਈ : ਭਾ: ਜਰਨੈਲ ਸਿੰਘ, ਭਾ: ਰਘਬੀਰ ਸਿੰਘ, ਭਾ: ਫਲਵਿੰਦਰ ਸਿੰਘ ਫ਼ੋਨ : 0926-330008, 885466 ਤੇ 338937.

www.AKJ.Org

## ਸ਼ਹੀਦੀ ਅਤੇ ਪੀੜਤ ਪਰਵਾਰਾਂ ਲਈ ਪੁਜੀ ਸਹਾਇਤਾ

| | |
|---|---|
| ਸ: ਚਰਨ ਪਾਲ ਸਿਘ ਅੰਮ੍ਰਿਤਸਰ ਵਲੋਂ (ਸ: ਗੁਰਬਚਨ ਸਿੰਘ ਦੇ ਅੰਤ ਸਮੇਂ) | 5000-00 |
| ਸ: ਸੰਸਾਰ ਸਿੰਘ ਲੁਧਿਆਣਾ | [illegible]0-00 |
| ਐਸ. ਪੀ. ਸਿੰਘ ਜਬਲਪੁਰ | 214-00 |
| ਬੀਬੀ ਸੁਰਿੰਦਰ ਕੌਰ ਜਬਲਪੁਰ | 51-00 |
| ਸ: ਹਰਭਜਨ ਸਿੰਘ ਗਿਲ ਜਬਲਪੁਰ | 382-00 |
| ਭਾਈ ਮਨਜੀਤ ਸਿੰਘ ਜਬਲਪੁਰ | 660-00 |
| ਭਾਈ ਸੁਰਿੰਦਰ ਸਿੰਘ ਜਬਲਪੁਰ | 205-00 |
| ਗੁਪਤ ਸੇਵਾ | 131 0-00 |
| ਪ੍ਰਵਾਰ ਭਾ: ਸਰਮੁਖ ਸਿੰਘ ਜਬਲਪੁਰ (ਭਾ: ਸਾਹਿਬ ਦੀ ਯਾਦ) | 400-00 |
| ਗੁਪਤ ਸੇਵਾ ਜਬਲਪੁਰ | 8600-00 |
| ਗੁਪਤ ਸੇਵਾ ਜਬਲਪੁਰ (ਇਕ ਗੁਰਸਿਖ ਪ੍ਰੇਮੀ ਦੀ ਯਾਦ) | 510[illegible]-00 |
| ਸ: ਮਹਿੰਦਰ ਸਿੰਘ ਅਰਲਿੰਗਟਨ ਯੂ.ਕੇ. | 495[illegible]-00 |
| ਗੁਪਤ ਸੇਵਾ | 1000-00 |
| ਬੀਬੀ ਨਿਰਮਲ ਕੌਰ ਕਾਲਕਾ | 200-00 |
| ਬੀ: ਜਸਬੀਰ ਕੌਰ ਬੱਗਾ ਪੁਲ ਸੁਧਾਰ ਲੁਧਿਆਣਾ | 100-00 |
| ਭਾਈ ਦਰਸ਼ਨ ਸਿੰਘ ਜੀ ਕੋਟਲੀ ਰਾਈਆਂ | 50-00 |
| ਸ: ਭਗਵੰਤ ਸਿੰਘ ਪਠਾਨਕੋਟ | 50-00 |
| ਗੁਪਤ ਸੇਵਾ | 400-00 |
| ਮਾਸਟਰ ਸਾਧੂ ਸਿੰਘ ਬਹਿਬਲਪੁਰ | 50-00 |
| ਸ: ਗੁਰਬਚਨ ਸਿੰਘ ਗਿਲ ਰੋਡ ਲੁਧਿਆਣਾ | 500-00 |
| ਬੀਬੀ ਗੁਰਬਚਨ ਕੌਰ ਲੁਧਿਆਣਾ | 200-00 |
| ਸ: ਅਮਰਜੀਤ ਸਿੰਘ ਲੁਧਿਆਣਾ | 30 -00 |
| ਸ: ਬਖਸ਼ੀਸ਼ ਸਿੰਘ ਰੁਦਰਾਪੁਰ | 1000-00 |
| ਸ: ਗੁਰਚਰਨ ਸਿੰਘ ਬਨਾਰਸ | 540-00 |
| ਕਾਕਾ ਕੁਲਜੀਤ ਸਿੰਘ ਲੁਧਿਆਣਾ | 4 0-00 |
| ਸ: ਪਰਦੋਮਨ ਸਿੰਘ ਜਲੰਧਰ | 200-00 |
| ਗੁਪਤ ਸੇਵਾ | 1000-00 |
| ਭਾਈ ਤਰਲੋਚਨ ਸਿੰਘ ਲਾਦੀਆ ਖ਼ੁਰਦ | 30-00 |

## ਸ਼ਹੀਦੀ ਅਤੇ ਪੀੜਤ ਪਰਵਾਰਾਂ ਨੂੰ ਦਿਤੀ ਸਹਾਇਤਾ

| | |
|---|---|
| ਬੀ: ਗੁਰਬਚਨ ਕੌਰ ਮਾਤਾ ਭਾ: ਜਸਵੰਤ ਸਿੰਘ ਪਿੰਡ ਨੰਗਲ—ਇਲਾਜ ਅਤੇ ਘਰੇਲੂ ਲੋੜਾਂ | 5000-00 |
| ਭਾ: ਗੁਰਨਾਮ ਸਿੰਘ ਕ੍ਰਿਸ਼ਨਾ ਨਗਰ, ਅੰਮ੍ਰਿਤਸਰ—ਹੱਥ ਪੈਰ ਬਿਮਾਰੀ ਨਾਲ ਖਰਾਬ, ਇਲਾਜ ਲਈ | 2000-00 |
| ਬੀ: ਚਰਨ ਕੌਰ ਪਤਨੀ ਸ: ਮੋਹਨ ਸਿੰਘ, ਚਾਚੋਕੀ—ਪੁਤਰ ਲਾ-ਪਤਾ, ਪਤੀ ਬਿਮਾਰ ਅਤੇ ਘਰੇਲੂ ਲੋੜਾਂ | 5000-00 |
| ਬੀ: ਬਲਵਿੰਦਰ ਕੌਰ ਪਤਨੀ ਭਾ: ਚਰਨਜੀਤ ਸਿੰਘ, ਲੁਧਿਆਣਾ—ਪਤੀ ਨੌਕਰੀ ਤੋਂ ਬਰਖਾਸ਼ਤ, ਘਰੇਲੂ ਲੋੜਾਂ | 5000-00 |
| ਬੀ:ਬਲਜੀਤ ਕੌਰ ਪਤਨੀ ਭਾ:ਹਰਦੀਪ ਸਿੰਘ,ਚੁਡੀਆਂਵਾਲਾ—ਪਤੀ ਜੇਲ੍ਹ ਰਹਿਣ ਕਾਰਨ ਬੀਮਾਰ,ਇਲਾਜ ਲਈ | 5000-00 |
| ਸ: ਗੁਰਦਿਆਲ ਸਿੰਘ ਧਰਮੀ ਫੌਜੀ, ਪਿੰਡ ਥਰੀਏਵਾਲ—ਘਰੇਲੂ ਹਾਲਤ ਮਾੜੀ | 5000-00 |

## ਸੂਰਾ ਮਾਸਕ ਪੱਤਰ ਦੀ ਚੜ੍ਹਦੀ ਕਲਾ ਲਈ ਪੁਜੀ ਸਹਾਇਤਾ

| | |
|---|---|
| ਸ: ਮੋਹਨ ਸਿੰਘ ਜੰਮੂ ਤਵੀ | 15-00 |
| ਸ: ਹਰਜੀਤ ਸਿੰਘ ਵਿਲਨਹਾਲ ਯੂ.ਕੇ. | 50-00 |
| ਗੁਪਤ ਦਾਨ | 101-00 |
| ਭਾ: ਦਰਸ਼ਨ ਸਿੰਘ ਮੂਲੀਆਂਵਾਲ | 50-00 |
| ਗੁਰੂ ਕਾ ਸੇਵਾਦਾਰ, ਜੋਧਪੁਰ | 100-00 |
| ਸ: ਕਸ਼ਮੀਰ ਸਿੰਘ ਬੇਡਫੋਰਡ ਯੂ.ਕੇ. | 150-00 |
| ਭਾ: ਸ਼ਿਵਦੇਵ ਸਿੰਘ ਲੰਡਨ | 1[illegible]0-00 |
| ਭਾ: ਖੇਮ ਸਿੰਘ ਬਜਾਜ ਅੰਮ੍ਰਿਤਸਰ ਚੜ੍ਹਾਵਾ | 251-00 |
| ,, ,, ,, ,, | 51-00 |
| ਸ: ਦਲਜੀਤ ਸਿੰਘ ਮਸੀਹਾਂ | 50-00 |
| ਭਾ: ਮਹਿੰਦਰ ਸਿੰਘ ਬ੍ਰੋਲੀ ਬੱਚੀਆਂ ਦੇ ਅਨੰਦ ਸਮੇਂ | 50-00 |
| ਗੁਪਤ ਸੇਵਾ | 100-00 |
| ਸ: ਇੰਦਰਪਾਲ ਸਿੰਘ ਲਿਸਟਰ ਯੂ.ਕੇ. | 2100-00 |
| ਸ: ਦੇਵ ਸਿੰਘ ਬੈਂਸ ਕੈਨੇਡਾ | 90-00 |

## ਅਮਰੀਕਾ ਅਖੰਡ ਕੀਰਤਨੀ ਜਥੇ ਵਲੋਂ ਵੈਸਾਖੀ ਪ੍ਰੋਗਰਾਮ

9 ਤੇ 10 ਅਪ੍ਰੈਲ ਅੰਮ੍ਰਿਤ ਵੇਲੇ ਢਾਈ ਤੋਂ ਪੰਜ ਵਜੇ ਤਕ ਸਿਮਰਨ ਤੇ ਨਿਤਨੇਮ ਉਪਰੰਤ ਕੀਰਤਨ ਆਸਾ ਦੀ ਵਾਰ 10 ਵਜੇ ਤਕ ਭਾਈ ਕੇਵਲ ਸਿੰਘ, 374-*Painted Pony Road, EL Sobrante CA 94803* ਦੇ ਗ੍ਰਿਹ ਵਿਖੇ।

9 ਅਪ੍ਰਲ ਸ਼ਾਮ 5 ਤੋਂ 8 ਅਖੰਡ ਕੀਰਤਨ ਗੁਰਦਵਾਰਾ ਐਲਸਬਰਾਂਟੇ

10 ਅਪ੍ਰੈਲ ਸ਼ਾਮ ਸੋਦਰ ਤੋਂ ਉਪਰੰਤ ਕੀਰਤਨ ਰੈਣ ਸਬਾਈ ਗੁਰਦਵਾਰਾ ਐਲਸਬਰਾਂਟੇ

ਪੁੱਛ ਗਿੱਛ ਫੋਨ : ਡਾ: ਪ੍ਰਭਜੋਤ ਸਿੰਘ 510-223-7560, ਡਾ: ਰਵਿੰਦਰ ਸਿੰਘ (ਲਾਲ ਜੀ) 310-210-6147

**ਪੂਰਨ ਜੀ ਦੇ ਬੱਚਿਆਂ ਦੀ ਯਾਦ ਵਿਚ ਬਰੇਲੀ ਵਿਖੇ ਪ੍ਰੋਗਰਾਮ 23-24 ਅਪ੍ਰੈਲ**
**ਪੁੱਛ ਗਿੱਛ : ਦਸਮੇਸ਼ ਬਿਸਕੁਟ ਬੇਕਰੀ, ਕੋਹਾੜਾ ਪੀਰ, ਨੈਨੀਤਾਲ ਰੋਡ, ਬਰੇਲੀ**

www.AKJ.Org

## ਭਾਈ ਜੋਗਿੰਦਰ ਸਿੰਘ (ਕਾਲਕਾ) ਅਕਾਲ ਚਲਾਣਾ ਕਰ ਗਏ



ਭਾਈ ਜੋਗਿੰਦਰ ਸਿੰਘ ਜੀ 20 ਸਾਲ ਕਾਲਕਾ ਵਿਚ ਪੁਰਾਤਨ ਸਿੰਘਾਂ ਨਾਲ ਮਿਲ ਕੇ, ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਸੰਗ ਸਾਥ ਸ਼ਿਮਲਾ, ਕੁਮਾਰਹੱਟੀ, ਕਾਲਕਾ ਤੇ ਲੁਧਿਆਣਾ ਆਦਿ ਵਿਖੇ ਅਖੰਡ ਕੀਰਤਨਾਂ ਦੇ ਰੰਗ-ਰਤੜੇ ਅਨੰਦ ਭੁੰਚਦੇ ਰਹੇ। ਆਪ ਨੇ 1951 ਵਿਚ ਅੰਮ੍ਰਿਤ ਪਾਨ ਕੀਤਾ ਸੀ। ਲਖਨਊ ਤੋਂ ਰੀਟਾਇਰ ਹੋ ਕੇ ਆਪ ਰੇਲਵੇ ਕੋਚ ਫ਼ੈਕਟਰੀ ਕਪੂਰਥਲਾ ਵਿਖੇ ਆਪਣੇ ਦੋਹਾਂ ਸਪੁਤਰਾਂ ਪਾਸ ਰਹਿ ਰਹੇ ਸਨ, ਜੋ ਅਚਾਨਕ 8-9 ਦਿਨ ਬੀਚਾਰ ਰਹਿ ਕੇ ਅੰਤਲੇ ਸਵਾਸਾਂ ਤਕ ਨਾਮ ਜਪਦੇ 12-3-93 ਨੂੰ 67 ਸਾਲ ਦੀ ਆਯੂ ਵਿਚ ਸਰੀਰ-ਚੋਲਾ ਤਿਆਗ ਗਏ। ਸਤਿਗੁਰੂ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ।

**ਪੰਜਵੇਂ ਪਾਤਸ਼ਾਹ ਦਾ ਸ਼ਹੀਦੀ ਗੁਰਪੁਰਬ 22 ਤੋਂ 26 ਮਈ - ਵੇਰਵਾ ਮਈ 'ਸੂਰਾ' ਵਿਚ**

# ਸ੍ਰੀ ਅੰਮ੍ਰਿਤਸਰ ਵਿਖੇ ਵੈਸਾਖੀ ਅਖੰਡ ਕੀਰਤਨ ਸਮਾਗਮ

### 11 ਅਪ੍ਰੈਲ ਐਤਵਾਰ ਸਵੇਰ ਤੋਂ 14 ਅਪ੍ਰੈਲ 1993 ਬੁਧਵਾਰ ਸਵੇਰ ਤਕ

| | | |
|---|---|---|
| 11-4-93 | ਸਵੇਰੇ 5-30 ਤੋਂ 12 ਦੁਪਹਿਰ ਤਕ | ਗੁਰਦਵਾਰਾ ਸ਼ਹੀਦ ਗੰਜ ਬੀ ਬਲਾਕ |
| | ਸ਼ਾਮ 5 ਤੋਂ 8 ਸੋਦਰ ਦੀ ਚੌਕੀ | ਗੁਰਦਵਾਰਾ ਪਿਪਲੀ ਸਾਹਿਬ (ਪੁਤਲੀ ਘਰ) |
| 12-4-93 | ਸਵੇਰੇ 2-30 ਤੋਂ 3-30 ਤ੍ਰਿਪਹਿਰੇ ਦਾ ਕੀਰਤਨ | ਸ੍ਰੀ ਹਰਿਮੰਦਰ ਸਾਹਿਬ |
| | ,, 7 ਤੋਂ 12 ਤਕ ਅਖੰਡ ਕੀਰਤਨ | ਗੁਰਦਵਾਰਾ ਲੋਹਗੜ੍ਹ ਸਾਹਿਬ |
| | ਸ਼ਾਮ 5 ਤੋਂ 8 ਸੋਦਰ ਦੀ ਚੌਕੀ | ਗੁਰਦਵਾਰਾ ਗੁਰੂ ਕੇ ਮਹਿਲ |
| 13-1-93 | ਸਵੇਰੇ 5-30 ਤੋਂ 12 ਦੁਪਹਿਰ ਤਕ | ਗੁਰਦਵਾਰਾ ਰਾਮਸਰ ਸਾਹਿਬ |
| | ਸ਼ਾਮ ਸੋਦਰ ਉਪਰੰਤ ਰੈਣ ਸਬਾਈ ਕੀਰਤਨ ਅਰੰਭ | ਗੁਰਦਵਾਰਾ ਮੰਜੀ ਸਾਹਿਬ (ਸ੍ਰੀ ਦਰਬਾਰ ਸਾਹਿਬ) |
| | ਸਮਾਪਤੀ 14-4-93 ਸਵੇਰੇ 4 ਵਜੇ। | |

**ਅੰਮ੍ਰਿਤ ਸੰਚਾਰ** 13-4-93 ਸ਼ਾਮ ਨੂੰ ਸ੍ਰੀ ਗੁਰੂ ਰਾਮਦਾਸ ਖਾ: ਸੀਨੀਅਰ ਸੈਕੰਡਰੀ ਸਕੂਲ, ਰਾਮਸਰ ਰੋਡ ਵਿਖੇ।

**ਅਨੰਦ ਕਾਰਜ** 11 ਅਪ੍ਰੈਲ ਐਤਵਾਰ ਸਵੇਰੇ ਗੁਰਦਵਾਰਾ ਸ਼ਹੀਦ ਗੰਜ ਬੀ ਬਲਾਕ ਵਿਖੇ।

ਨੋਟ : ਲੋੜ ਅਨੁਸਾਰ ਬਿਸਤਰੇ ਲਿਆਓ ਜੀ। (2) ਰਿਹਾਇਸ਼ ਲੰਗਰ ਸ੍ਰੀ ਗੁਰੂ ਰਾਮਦਾਸ ਸਕੂਲ ਵਿਖੇ।

ਪੁੱਛ ਗਿੱਛ : ਸੂਰਾ ਮਾਸਕ ਪੱਤਰ, ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਅੰਮ੍ਰਿਤਸਰ।
(2) ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਫੋਨ: 45737)

ਸੰਗਤਾਂ ਦਾ ਦਾਸ—ਜਥੇਦਾਰ
ਅਖੰਡ ਕੀਰਤਨੀ ਜਥਾ (ਕੇਂਦਰੀ ਦਫਤਰ)

**ਬਟਾਲਾ ਕਾਹਨੂੰਵਾਨ ਰੋਡ, ਗੁ: ਸਿੰਘ ਸਭਾ ਰੈਣ ਸਬਾਈ ਕੀਰਤਨ 17 ਅਪ੍ਰੈਲ**

**ਅੱਡਾ ਜੈਂਤੀਪੁਰ, ਗੁ: ਸਿੰਘ ਸਭਾ ਸਵੇਰੇ ਅਖੰਡ ਕੀਰਤਨ, ਰਾਤ ਰੈਣ ਸਬਾਈ 24 ਅਪ੍ਰੈਲ**

**ਅੰਮ੍ਰਿਤਸਰ ਗੁਰਦਵਾਰਾ ਮੋਹਨ ਨਗਰ, ਸੁਲਤਾਨਵਿੰਡ ਰੋਡ ਵਿਖੇ 25 ਅਪ੍ਰੈਲ ਐਤਵਾਰ ਨੂੰ**
ਸ਼ਹੀਦ ਅਵਤਾਰ ਸਿੰਘ (ਪਾਰੋਵਾਲ) ਦੀ ਯਾਦ ਵਿਚ ਅਖੰਡ ਕੀਰਤਨ ਸਵੇਰੇ 6 ਤੋਂ 11 ਤਕ

**ਦਸੂਹਾ (ਹੁਸ਼ਿਆਰਪੁਰ) ਵਿਖੇ ਕਾਕਾ ਇੰਦਰਜੀਤ ਸਿੰਘ ਨਮਿਤ ਦਿਵਸ ਸੁਹੇਲਾ ਕੀਰਤਨ 25 ਅਪ੍ਰੈਲ**

**ਬਸੀ ਪਠਾਣਾਂ ਧੋਬੀ ਮਹੱਲਾ, ਸ੍ਰੀ ਲਾਲ ਗੁਰਦਵਾਰਾ, ਰੈਣ ਸਬਾਈ ਕੀਰਤਨ 25 ਅਪ੍ਰੈਲ**

**ਮਲੋਆ (ਯੂ.ਟੀ. ਚੰਡੀਗੜ੍ਹ) ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ 1 ਮਈ ਨੂੰ**
ਸਵੇਰੇ ਭੋਗ ਅਖੰਡ ਪਾਠ ਉਪਰੰਤ ਕੀਰਤਨ ਦੁਪਹਿਰ ਤਕ, ਰਾਤ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ

**ਪਠਾਨਕੋਟ ਗੁ: ਮੀਰਪੁਰ ਕਲੋਨੀ (ਮਾਡਲ ਟਾਊਨ) ਵਿਖੇ ਸਾਲਾਨਾ ਸਮਾਗਮ 1 ਮਈ ਨੂੰ**
ਸਵੇਰੇ ਭੋਗ ਅਖੰਡ ਪਾਠ ਉਪਰੰਤ ਕੀਰਤਨ ਦੁਪਹਿਰ ਤਕ, ਰਾਤ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ

**ਦਿੱਲੀ, ਜਨਕਪੁਰੀ, ਬਲਾਕ ਬੀ-2 (ਨੇੜੇ ਸੁਪਰ ਬਜ਼ਾਰ) ਗੁ: ਸਿੰਘ ਸਭਾ, ਰੈਣ ਸਬਾਈ 8 ਮਈ**

ਮਨੀਆਰਡਰ, ਬੈਂਕ ਡਰਾਫਟ ਤੇ ਚਿੱਠੀ ਪੱਤਰ ਭੇਜਣ ਦਾ ਪਤਾ :
'ਸੂਰਾ' ਮੰਥਲੀ, ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਸ੍ਰੀ ਅੰਮ੍ਰਿਤਸਰ-143006

www.AKJ.org